


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Tuesday 31 March, 2026 | website: www.cee7news.com

## ਹਰਿਆਣਾ ਦੇ ਸਾਬਕਾ ਡੀਜੀਪੀ ਦਾ ਫ਼ੋਨ ਹੈਕ ਕਰਕੇ ਗੰਨਮੈਨ ਤੋਂ 40,000 ਰੁਪਏ ਠੱਗੇ ਗਏ



ਹਰਿਆਣਾ ਦੇ ਸਾਬਕਾ ਡੀਜੀਪੀ ਦਾ ਫ਼ੋਨ ਹੈਕ ਕਰਕੇ ਗੰਨਮੈਨ ਤੋਂ 40,000 ਰੁਪਏ ਠੱਗੇ ਗਏ। ਇਸ ਠੱਗੀ ਦੇ ਮੁੱਖ ਮੁਲਜ਼ਮ ਰਾਜੇਸ਼ ਕੁਮਾਰ ਨੂੰ ਪੰਚਕੂਲਾ ਸਾਈਬਰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਰਾਜੇਸ਼ ਬਿਹਾਰ ਦੇ ਨਾਲੰਦਾ ਜ਼ਿਲ੍ਹੇ ਦਾ ਰਹਿਣ ਵਾਲਾ ਹੈ। ਉਸ ਨੇ ਸਾਬਕਾ ਡੀਜੀਪੀ ਕੰਵਰ ਨਿਰਮਲ ਸਿੰਘ ਦਾ ਵਟਸਐਪ ਅਕਾਊਂਟ ਹੈਕ ਕੀਤਾ ਅਤੇ ਉਨ੍ਹਾਂ ਦੇ ਸਾਬਕਾ ਗੰਨਮੈਨ ਤੋਂ ਪੈਸੇ ਵਸੂਲੇ। ਪੁਲੀਸ ਨੇ ਇੱਕ ਮਹੀਨੇ ਦੀ ਲਗਾਤਾਰ ਭਾਲ ਤੋਂ ਬਾਅਦ ਤਕਨੀਕੀ ਸਬੂਤਾਂ ਰਾਹੀਂ ਉਸ ਨੂੰ ਦਬੋਚ ਲਿਆ। ਉਸ ਦੇ ਹੋਰ ਸਾਥੀ ਅਜੇ ਵੀ ਫਰਾਰ ਹਨ।

ਘਟਨਾ ਦੀ ਵਿਸਥਾਰ ਨਾਲ ਗੱਲ ਕਰੀਏ ਤਾਂ 9 ਮਾਰਚ ਨੂੰ ਸਾਬਕਾ ਡੀਜੀਪੀ ਕੰਵਰ ਨਿਰਮਲ ਸਿੰਘ ਨੂੰ ਇੱਕ ਅਣਪਛਾਤੇ ਨੰਬਰ ਤੋਂ ਫ਼ੋਨ ਆਇਆ। ਫੋਨ ਕਰਨ ਵਾਲੇ ਨੇ ਦੱਸਿਆ ਕਿ ਤੁਹਾਡਾ ਇੱਕ ਪਾਰਸਲ ਆਇਆ ਹੈ ਅਤੇ ਉਸ ਨੂੰ ਲੈਣ ਲਈ ਫੋਨ ਤੋਂ ਇੱਕ ਖਾਸ ਕੋਡ ਡਾਇਲ ਕਰਨਾ ਪਵੇਗਾ। ਜਿਵੇਂ ਹੀ ਸਾਬਕਾ ਡੀਜੀਪੀ ਨੇ ਇਹ ਪ੍ਰਕਿਰਿਆ ਅਪਣਾਈ, ਠੱਗਾਂ ਨੇ ਉਨ੍ਹਾਂ ਦਾ ਵਟਸਐਪ ਅਕਾਊਂਟ ਹੈਕ ਕਰ ਲਿਆ ਅਤੇ ਉਨ੍ਹਾਂ ਦਾ ਨੰਬਰ ਆਪਣੇ ਡਿਵਾਈਸ ਉੱਤੇ ਲੋਗਇਨ ਕਰ ਲਿਆ। ਇਸ ਤੋਂ ਬਾਅਦ ਠੱਗਾਂ ਨੇ ਐਮਰਜੈਂਸੀ ਦਾ ਬਹਾਨਾ ਬਣਾ ਕੇ ਵਟਸਐਪ ਉੱਤੇ ਸਾਬਕਾ ਡੀਜੀਪੀ ਦੇ ਸਾਰੇ ਸੰਪਰਕਾਂ ਨੂੰ ਮੈਸੇਜ ਭੇਜਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੇ ਉੱਚ ਅਧਿਕਾਰੀ ਵਾਲੀ ਇਜ਼ਤ ਅਤੇ ਵੱਕਾਰ ਦਾ ਫਾਇਦਾ ਉਠਾਇਆ।

ਇਸ ਧੋਖਾਧੜੀ ਵਿੱਚ ਫਸਣ ਵਾਲਾ ਵਿਅਕਤੀ ਪੁਲੀਸ ਅਧਿਕਾਰੀ ਗੁਲਸ਼ਨ ਕੁਮਾਰ ਸੀ। ਉਸ ਨੇ ਪਹਿਲਾਂ ਸਾਬਕਾ ਡੀਜੀਪੀ ਕੰਵਰ ਨਿਰਮਲ ਸਿੰਘ ਦੇ ਗੰਨਮੈਨ ਵਜੋਂ ਸੇਵਾ ਨਿਭਾਈ ਸੀ। ਠੱਗਾਂ ਨੇ ਉਸ ਨੂੰ ਐਮਰਜੈਂਸੀ ਵਾਲਾ ਮੈਸੇਜ ਭੇਜ ਕੇ ਤੁਰੰਤ ਪੈਸੇ ਮੰਗੇ ਅਤੇ ਇੱਕ ਬੈਂਕ ਖਾਤਾ ਦਿੱਤਾ। ਗੁਲਸ਼ਨ ਕੁਮਾਰ ਨੇ ਭਰੋਸਾ ਕਰਕੇ ਉਸ ਖਾਤੇ ਵਿੱਚ 40,000 ਰੁਪਏ ਟ੍ਰਾਂਸਫਰ ਕਰ ਦਿੱਤੇ। ਇਸ ਤਰ੍ਹਾਂ ਠੱਗੀ ਦਾ ਸ਼ਿਕਾਰ ਹੋ ਗਿਆ।

ਪੰਚਕੂਲਾ ਸਾਈਬਰ ਪੁਲੀਸ ਨੇ ਤੁਰੰਤ ਇਸ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਅਤੇ ਜਾਂਚ ਸ਼ੁਰੂ ਕਰ ਦਿੱਤੀ। ਡੀਸੀਪੀ ਅਪਰਾਧ ਅਤੇ ਟ੍ਰੈਫਿਕ ਅਮਰਿੰਦਰ ਸਿੰਘ ਨੇ ਦੱਸਿਆ ਕਿ ਪੈਸੇ ਬਿਹਾਰ ਦੇ ਨਾਲੰਦਾ ਵਾਸੀ ਰਾਜੇਸ਼ ਕੁਮਾਰ ਦੇ ਬੈਂਕ ਖਾਤੇ ਵਿੱਚ ਆਏ ਸਨ। ਉਸ ਖਾਤੇ ਰਾਹੀਂ ਠੱਗੀ ਵਾਲੀ ਰਕਮ ਟ੍ਰਾਂਸਫਰ ਹੋਈ ਸੀ। ਪੁਲੀਸ ਟੀਮ ਨੇ ਲਗਾਤਾਰ ਤਕਨੀਕੀ ਜਾਂਚ ਚਲਾਈ ਅਤੇ 29 ਮਾਰਚ ਨੂੰ ਰਾਜੇਸ਼ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਕੋਲੋਂ ਪੂਰੀਆਂ 40,000 ਰੁਪਏ ਬਰਾਮਦ ਵੀ ਕੀਤੇ ਗਏ ਹਨ। ਮੁਲਜ਼ਮ ਨੂੰ ਅੱਜ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ।

## ਟਰੰਪ ਦੀ ਇਰਾਨ ਨੂੰ ਮੁੜ ਸਖ਼ਤ ਚਿਤਾਵਨੀ; ਵਿਸ਼ਵ ਸਿਆਸਤ 'ਚ ਵਧੀ ਗਰਮਾਹਟ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਇਰਾਨ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਜੇਕਰ ਇਰਾਨ ਜਲਦੀ ਤੋਂ ਜਲਦੀ ਯੁੱਧਬੰਦੀ ਨਾ ਕੀਤੀ ਤਾਂ ਅਮਰੀਕਾ ਇਰਾਨ ਦੀ ਇਨਫਰਾਸਟ੍ਰਕਚਰ ਨੂੰ ਨਿਸ਼ਾਨਾ ਬਣਾਏਗਾ। ਇਸ ਬਿਆਨ ਨਾਲ ਮੱਧ ਪੂਰਬ ਵਿੱਚ ਤਣਾਅ ਹੋਰ ਵਧ ਗਿਆ ਹੈ। ਟਰੰਪ ਦਾ ਇਹ ਬਿਆਨ ਇਸ ਵੇਲੇ ਆਇਆ ਹੈ ਜਦੋਂ ਇਰਾਨ ਅਤੇ ਇਜ਼ਰਾਈਲ ਵਿਚਾਲੇ ਚੱਲ ਰਹੀ ਲੜਾਈ ਵਿੱਚ ਅਮਰੀਕਾ ਵੀ ਸਿੱਧੇ ਤੌਰ ਤੇ ਸ਼ਾਮਲ ਹੋ ਚੁੱਕਿਆ ਹੈ।ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਤੇ ਲਿਖਿਆ ਕਿ ਇਰਾਨ ਨੂੰ ਯੁੱਧਬੰਦੀ ਲਈ ਗੰਭੀਰ ਹੋਣਾ ਚਾਹੀਦਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਇਰਾਨ ਛੇਤੀ ਯੁੱਧਬੰਦੀ ਨਾ ਕੀਤੀ ਤਾਂ ਉਸ ਦੀਆਂ ਬਿਜਲੀ ਘਰਾਂ, ਤੇਲ ਖੂਹਾਂ ਅਤੇ ਹੋਰ ਮਹੱਤਵਪੂਰਨ ਇਨਫਰਾਸਟ੍ਰਕਚਰ ਨੂੰ ਤਬਾਹ ਕਰ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਵੀ ਟਰੰਪ ਇਰਾਨ ਨੂੰ ਸਟ੍ਰੇਟ ਆਫ ਹਾਰਮੁਜ਼ ਖੋਲ੍ਹਣ ਲਈ 48 ਘੰਟਿਆਂ ਦੀ ਮਿਆਦ ਦੇ ਚੁੱਕੇ ਸਨ। ਉਸ ਵੇਲੇ ਉਨ੍ਹਾਂ ਕਿਹਾ ਸੀ ਕਿ ਜੇਕਰ ਇਰਾਨ ਨੇ ਹਾਰਮੁਜ਼ ਸਟ੍ਰੇਟ ਖੋਲ੍ਹਿਆ ਨਾ ਤਾਂ ਅਮਰੀਕਾ ਇਰਾਨ ਦੀਆਂ ਬਿਜਲੀ ਪਲਾਂਟਾਂ ਨੂੰ ਤਬਾਹ ਕਰ ਦੇਵੇਗਾ ਅਤੇ ਸਭ ਤੋਂ ਵੱਡੀ ਪਲਾਂਟ ਤੋਂ ਸ਼ੁਰੂਆਤ ਕੀਤੀ ਜਾਵੇਗੀ।ਇਸ ਤੋਂ ਬਾਅਦ ਟਰੰਪ ਨੇ ਆਪਣੀ ਧਮਕੀ ਨੂੰ ਕੁਝ ਸਮੇਂ ਲਈ ਟਾਲ ਵੀ ਦਿੱਤਾ ਸੀ। ਉਨ੍ਹਾਂ ਇਰਾਨੀ ਸਰਕਾਰ ਦੀ ਬੇਨਤੀ ਤੇ 10 ਦਿਨਾਂ ਲਈ ਬਿਜਲੀ ਪਲਾਂਟਾਂ ਤੇ ਹਮਲੇ ਰੋਕ ਦਿੱਤੇ ਸਨ। ਇਸ ਮਿਆਦ ਨੂੰ 6 ਅਪ੍ਰੈਲ ਤੱਕ ਵਧਾਇਆ ਗਿਆ ਸੀ। ਟਰੰਪ ਨੇ ਦਾਅਵਾ ਕੀਤਾ ਸੀ ਕਿ ਇਰਾਨ ਨਾਲ ਗੱਲਬਾਤ ਚੰਗੀ ਚੱਲ ਰਹੀ ਹੈ ਅਤੇ ਇੱਕ ਸਮਝੌਤੇ ਦੀ ਉਮੀਦ ਹੈ। ਉਨ੍ਹਾਂ ਇੱਕ 15-ਪੁਆਇੰਟ ਯੁੱਧਬੰਦੀ ਪ੍ਰਸਤਾਵ ਵੀ ਇਰਾਨ ਨੂੰ ਦਿੱਤਾ ਸੀ ਜਿਸ ਵਿੱਚ ਇਰਾਨ ਨਾਲ ਗੱਲਬਾਤ ਅਤੇ ਉਸ ਦੇ ਪਰਮਾਣੂ ਕਾਰਜਕ੍ਰਮ ਬਾਰੇ ਵੀ ਗੱਲ ਹੋਈ ਸੀ। ਪਰ ਇਰਾਨ ਨੇ ਇਸ ਪ੍ਰਸਤਾਵ ਨੂੰ ਇੱਕ ਪਾਸੜੀਆਂ ਵਾਲਾ ਅਤੇ ਅਨੁਚਿਤ ਦੱਸ ਕੇ ਰੱਦ ਕਰ ਦਿੱਤਾ ਸੀ।ਹੁਣ ਟਰੰਪ ਦਾ ਨਵਾਂ ਬਿਆਨ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਗੱਲਬਾਤ ਵਿੱਚ ਤਰੱਕੀ ਨਹੀਂ ਹੋ ਰਹੀ। ਉਨ੍ਹਾਂ ਕਿਹਾ ਹੈ ਕਿ ਇਰਾਨ ਨੂੰ ਛੇਤੀ ਯੁੱਧਬੰਦੀ ਕਰਨੀ

### Cee7News ਬੇਅਦਬੀ ਵਿਰੋਧੀ ਕਾਨੂੰਨ: 6 ਅਪ੍ਰੈਲ ਨੂੰ ਸ਼੍ਰੋਮਣੀ ਕਮੇਟੀ ਤੇ ਸਿੱਖ ਜਥੇਬੰਦੀਆਂ ਦੀ ਇਕੱਤਰਤਾ

## ਬੇਅਦਬੀ ਵਿਰੋਧੀ ਕਾਨੂੰਨ ਲਈ 'ਪੰਥਕ ਰਾਇ' ਸਭ ਤੋਂ ਉੱਪਰ: ਐਡਵੋਕੇਟ ਧਾਮੀ

ਚੰਡੀਗੜ੍ਹ/ ਅੰਮ੍ਰਿਤਸਰ, 30 ਮਾਰਚ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਸਰਕਾਰ ਦੁਆਰਾ ਬੇਅਦਬੀਆਂ ਸਬੰਧੀ ਕਾਨੂੰਨ ਬਣਾਏ ਜਾਣ ਦੇ ਸਬੰਧ ਵਿੱਚ 6 ਅਪ੍ਰੈਲ 2026 ਨੂੰ ਸਵੇਰੇ 11 ਵਜੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਸਮੁੱਚੀਆਂ ਸਿੱਖ ਜਥੇਬੰਦੀਆਂ ਦੀ ਇਕੱਤਰਤਾ ਬੁਲਾਈ ਹੈ। ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਚੰਡੀਗੜ੍ਹ ਵਿਖੇ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਮੀਟਿੰਗ ਮਗਰੋਂ ਮੀਡੀਆ ਨੂੰ ਸੰਬੋਧਨ ਕਰਦਿਆਂ ਦਿੱਤੀ। ਉਨ੍ਹਾਂ ਕਿਹਾ ਕਿ ਇਹ ਬੇਹੱਦ ਸੰਜੀਦਾ ਮਾਮਲਾ ਹੈ, ਜਿਸ ਉੱਤੇ ਸਾਂਝੀ ਪੰਥਕ ਰਾਇ ਜਰੂਰੀ ਹੈ। ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਮੂਹ ਸਿੱਖ ਜਥੇਬੰਦੀਆਂ, ਨਿਹੰਗ ਸਿੰਘ ਦਲਾਂ, ਦਮਦਮੀ ਟਕਸਾਲ, ਸਿੱਖ ਸੰਸਥਾਵਾਂ, ਸਿੱਖ ਵਿਦਵਾਨਾਂ, ਸਿੱਖ ਜੱਜਾਂ ਤੇ ਵਕੀਲਾਂ, ਸਿੱਖ ਮਿਸ਼ਨਰੀ ਕਾਲਜਾਂ, ਸਿੰਘ ਸਭਾਵਾਂ, ਸਿੱਖ ਫੈਡਰੇਸ਼ਨਾਂ, ਸਮੂਹ ਸਿੱਖ ਸੰਪਰਦਾਵਾਂ ਦੇ ਮੁਖੀਆਂ, ਨਿਰਮਲੇ, ਉਦਾਸੀ, ਸੇਵਾ ਪੰਥੀ ਤੇ ਕਾਰਸੇਵਾ ਵਾਲੇ ਮਹਾਂਪੁਰਸ਼ਾਂ ਨਾਲ ਸਾਂਝੀ ਇਕੱਤਰਤਾ 6 ਅਪ੍ਰੈਲ 2026 ਨੂੰ ਸਵੇਰੇ 11:00 ਵਜੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਕੀਤੀ ਜਾਵੇਗੀ।

ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਚਾਹੁੰਦੀ ਹੈ ਕਿ ਬੇਅਦਬੀਆਂ ਰੋਕਣ ਲਈ ਸਖ਼ਤ ਕਾਨੂੰਨ ਬਣੇ ਤਾਂ ਜੋ ਇਸ ਦਾ ਪੱਕਾ ਤੇ ਸਾਰਥਿਕ ਹੱਲ ਕੱਢਿਆ ਜਾ ਸਕੇ, ਪਰੰਤੂ ਪੰਜਾਬ ਸਰਕਾਰ ਇਸ ਬਾਰੇ ਸਪੱਸ਼ਟ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਧਾਰਮਿਕ ਗ੍ਰੰਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੱਡਾ ਫਰਕ ਹੈ। ਇਹ ਜਾਗਤ ਜੋਤ ਗੁਰੂ ਹਨ ਜਿਨ੍ਹਾਂ ਨੂੰ ਗੁਰਤਾਗੱਦੀ ਗੁਰੂ ਸਾਹਿਬ ਨੇ ਆਪ ਦਿੱਤੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜਾਗਤ ਜੋਤ ਗੁਰੂ ਵਜੋਂ ਆਭਾ, ਵਡਿਆਈ ਤੇ ਮਹਾਨਤਾ ਦੀ ਵਚਨਬੱਧਤਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸੇ ਦੇ ਮੱਦੇਨਜ਼ਰ ਕੌਮੀ ਰਾਇ ਬਣਾਉਣ ਲਈ ਸਮੂਹ ਸਿੱਖ ਜਥੇਬੰਦੀਆਂ ਤੇ ਸੰਸਥਾਵਾਂ ਦੀ ਇਕੱਤਰਤਾ ਬੁਲਾਈ ਗਈ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲਾਂ ਪੰਜਾਬ ਧਾਰਮਿਕ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025 ਲਈ ਸਲੈਕਟ ਕਮੇਟੀ ਬਣਾਈ ਸੀ ਜਿਸ ਵੱਲੋਂ ਮੰਗੇ ਸੁਝਾਅ ਲਈ ਸ਼੍ਰੋਮਣੀ ਕਮੇਟੀ ਦੀ ਉਚ ਪੱਧਰੀ ਕਮੇਟੀ ਨੇ ਕਈ ਵਾਰ ਰਾਬਤਾ ਕਰਕੇ ਕੁਝ ਜਵਾਬ ਮੰਗੇ ਸਨ। ਵਾਰ ਵਾਰ ਪੱਤਰ ਲਿਖਣ ਮਗਰੋਂ ਵੀ ਸਰਕਾਰ ਨੇ ਕਿਸੇ ਤਰ੍ਹਾਂ ਦੀ ਜਾਣਕਾਰੀ ਨਹੀਂ ਦਿੱਤੀ।



ਐਡਵੋਕੇਟ ਧਾਮੀ ਨੇ ਕਿਹਾ ਕਿ ਹੁਣ ਸਰਕਾਰ ਵੱਲੋਂ ਜਾਗਤ ਜੋਤ ਐਕਟ 2008 ਵਿੱਚ ਸੋਧ ਦੀ ਗੱਲ ਕਰਕੇ ਨਵੀਂ ਦੁਬਿਧਾ ਖੜ੍ਹੀ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸੰਦਰਭ ਨੂੰ ਵੀ ਵਿਚਾਰਨਾ ਬੇਹੱਦ ਜਰੂਰੀ ਹੈ ਕਿ ਸਰਕਾਰ ਵੱਲੋਂ ਬਣਾਇਆ ਜਾਣ ਵਾਲਾ ਕਨੂੰਨ ਕੇਵਲ ਪੰਜਾਬ ਸੂਬੇ ਤੱਕ ਲਾਗੂ ਰਹੇਗਾ ਜਦਕਿ ਦੂਜੇ ਸੂਬਿਆਂ ਵਿਚ ਜੇਕਰ ਬੇਅਦਬੀ ਦੀ ਘਟਨਾ ਵਾਪਰਦੀ ਹੈ ਤਾਂ ਇਸ ਨੂੰ ਉਥੇ ਲਾਗੂ ਕਿਵੇਂ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਅਸੀਂ ਸਖ਼ਤ ਕਾਨੂੰਨ ਦੇ ਹਮੇਸ਼ਾ ਮੁੱਦਈ ਰਹੇ ਹਾਂ ਅਤੇ ਹੁਣ ਵੀ ਇਹੋ ਮੰਗ ਕਰਦੇ ਹਾਂ ਕਿ ਇੱਕ ਕੌਮੀ ਰਾਏ ਬਣਾ ਕੇ ਇਸ ਨੂੰ ਅੰਜਾਮ ਤੱਕ ਪਹੁੰਚਾਇਆ ਜਾਵੇ। ਉਨ੍ਹਾਂ ਕਿਹਾ ਕਿ ਇਸ ਮਕਸਦ ਲਈ ਸਦੀ ਗਈ ਇਕੱਤਰਤਾ ਲਈ ਸਾਰੀਆਂ ਸਿੱਖ ਜਥੇਬੰਦੀਆਂ ਦੇ ਆਗੂਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਦਾ ਪੱਤਰ ਵੀ ਭੇਜਿਆ ਜਾਵੇਗਾ। ਉਨ੍ਹਾਂ ਸਮੂਹ ਜਥੇਬੰਦੀਆਂ ਅਤੇ ਸੰਪ੍ਰਦਾਵਾਂ ਨੂੰ ਅਪੀਲ ਕੀਤੀ ਕਿ ਉਹ 6 ਅਪ੍ਰੈਲ ਨੂੰ ਮੀਟਿੰਗ ਵਿੱਚ ਜਰੂਰ ਸ਼ਾਮਲ ਹੋਣ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਲ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਬੀਬੀ ਹਰਜਿੰਦਰ ਕੌਰ, ਆਦਿ ਮੌਜੂਦ ਸਨ।

### Cee7 News ਅਗਲੇ 24 ਘੰਟਿਆਂ ਲਈ ਭਾਰੀ ਅਲਰਟ ਜਾਰੀ ਕੀਤਾ ਗਿਆ ਹੈ

## ਬਦਲਦੇ ਮੌਸਮ ਨੇ ਵਧਾਈ ਪੰਜਾਬ ਦੀ ਚਿੰਤਾ; ਕਿਸਾਨਾਂ ਅਤੇ ਆਮ ਲੋਕਾਂ ਦੀਆਂ ਵਧੀਆਂ ਮੁਸ਼ਕਲਾਂ

ਪੰਜਾਬ ਵਿਚ ਮੌਸਮੀ ਤਬਦੀਲੀਆਂ ਨੇ ਲੋਕਾਂ ਅਤੇ ਖੇਤੀਬਾੜੀ ਨੂੰ ਫਿਰ ਤੋਂ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਪੰਜਾਬ ਸਟੇਟ ਡਿਜਾਸਟਰ ਮੈਨੇਜਮੈਂਟ ਅਥਾਰਟੀ (ਐੱਸਡੀਐੱਮਏ) ਵੱਲੋਂ ਅਗਲੇ 24 ਘੰਟਿਆਂ ਲਈ ਭਾਰੀ ਅਲਰਟ ਜਾਰੀ ਕੀਤਾ ਗਿਆ ਹੈ। ਇਸ ਅਲਰਟ ਅਨੁਸਾਰ ਗੁਰਦਾਸਪੁਰ, ਹੁਸਿਆਰਪੁਰ, ਪਠਾਨਕੋਟ, ਰੂਪਨਗਰ ਅਤੇ ਐੱਸਏਐੱਸ ਨਗਰ (ਮੋਹਾਲੀ) ਦੇ ਕੁਝ ਇਲਾਕਿਆਂ ਵਿਚ ਮੀਂਹ, ਗੜ੍ਹੇਮਾਰੀ ਅਤੇ ਤੇਜ਼ ਹਵਾਵਾਂ ਦਾ ਖ਼ਤਰਾ ਹੈ। ਹਵਾਵਾਂ ਦੀ ਰਫ਼ਤਾਰ 40 ਤੋਂ 50 ਕਿਲੋਮੀਟਰ ਪ੍ਰਤੀ ਘੰਟਾ ਤੱਕ ਹੋ ਸਕਦੀ ਹੈ। ਇਸ ਤੋਂ ਇਲਾਵਾ ਬਿਜਲੀ ਚਮਕਣ ਅਤੇ ਗਰਜਣ ਵਾਲੀਆਂ ਘਟਨਾਵਾਂ ਵੀ ਹੋਣ ਦੀ ਸੰਭਾਵਨਾ ਹੈ।

ਐੱਸਡੀਐੱਮਏ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਐਮਰਜੈਂਸੀ ਸਥਿਤੀ ਵਿਚ ਤੁਰੰਤ 112 ਨੰਬਰ ਤੇ ਫੋਨ ਕਰਨ। ਇਸ ਤੋਂ ਇਲਾਵਾ ਆਰੇਂਜ ਅਲਰਟ 30 ਮਾਰਚ ਲਈ ਅਤੇ ਯੈਲੋ ਅਲਰਟ 31 ਮਾਰਚ ਲਈ ਜਾਰੀ ਕੀਤਾ ਗਿਆ ਹੈ। ਮੀਂਹ ਤੇ ਤੇਜ਼ ਹਵਾਵਾਂ ਦਾ ਇਹ ਸਿਲਸਿਲਾ 30 ਅਤੇ 31 ਮਾਰਚ ਤੱਕ ਜਾਰੀ ਰਹਿਣ ਦੀ ਉਮੀਦ ਹੈ। ਇਸ ਵੈਸਟਰਨ ਡਿਸਟਰਬੈਂਸ ਕਾਰਨ ਪੰਜਾਬ ਵਿਚ ਮੌਸਮ ਅਚਾਨਕ ਬਦਲਿਆ ਹੈ। ਐਤਵਾਰ ਨੂੰ ਮੀਂਹ ਪੈਣ ਨਾਲ ਤਾਪਮਾਨ ਵਿਚ ਭਾਰੀ ਗਿਰਾਵਟ ਆਈ ਅਤੇ ਇੱਕ ਥਾਂ ਤਾਪਮਾਨ ਸਿਰਫ਼ 4.3 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਇਸ ਨਾਲ ਲੋਕਾਂ ਨੂੰ ਗਰਮੀ ਤੋਂ ਥੋੜ੍ਹੀ ਰਾਹਤ ਮਿਲੀ ਹੈ ਪਰ ਖੇਤੀਬਾੜੀ ਲਈ ਇਹ ਚਿੰਤਾ ਵਧਾ ਰਿਹਾ ਹੈ।

ਪਟਿਆਲਾ, ਸੰਗਰੂਰ, ਹੁਸ਼ਿਆਰਪੁਰ ਅਤੇ ਸਰਦੂਲਗੜ੍ਹ ਵਰਗੇ ਇਲਾਕਿਆਂ ਵਿਚ ਪਿਛਲੇ ਮੀਂਹ ਅਤੇ ਗੜ੍ਹੇਮਾਰੀ ਨੇ ਮੱਕੀ ਦੀ ਫਸਲ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਮੱਕੀ ਦੀਆਂ ਫਸਲਾਂ ਲਗਭਗ ਪੱਕਣ ਵਾਲੀਆਂ ਸਨ ਪਰ ਤੇਜ਼ ਹਵਾਵਾਂ ਅਤੇ ਗੜ੍ਹੇ ਨੇ ਉਨ੍ਹਾਂ ਨੂੰ ਧਰਤੀ ਉੱਤੇ ਲਿਟਾ ਦਿੱਤਾ ਹੈ। ਇਸ ਨਾਲ ਉਪਜ ਵਿਚ ਘਾਟਾ ਆਉਣ ਦਾ ਡਰ ਹੈ। ਖੇਤੀਬਾੜੀ ਤਜਰਬੇਕਾਰਾਂ ਅਨੁਸਾਰ ਇਸ ਤਰ੍ਹਾਂ ਦੀ ਮੌਸਮੀ ਤਬਦੀਲੀ ਫਸਲਾਂ ਲਈ ਬਹੁਤ ਨੁਕਸਾਨਦਾਇਕ ਹੈ। ਇਸ ਤੋਂ ਇਲਾਵਾ ਖਰਬੂਜਾ, ਖੀਰਾ ਤੇ ਹੋਰ ਗਰਮੀਆਂ ਵਾਲੀਆਂ ਸਬਜ਼ੀਆਂ ਤੇ ਫਲਾਂ ਨੂੰ ਵੀ ਰੋਟਣ ਦਾ ਖ਼ਤਰਾ ਹੈ। ਖੇਤੀਬਾੜੀ ਉੱਤੇ ਇਸਦਾ ਬੁਰਾ ਅਸਰ ਪੈਣ ਵਾਲਾ ਹੈ ਕਿਉਂਕਿ ਇਸ ਸਮੇਂ ਫਸਲਾਂ ਸੰਵੇਦਨਸ਼ੀਲ ਹੁੰਦੀਆਂ ਹਨ।

ਚੰਡੀਗੜ੍ਹ ਟ੍ਰਿਸਿਟੀ ਵਿਚ ਸਵੇਰ ਤੋਂ ਹੀ ਬੱਦਲ ਛਾਏ ਹੋਏ ਹਨ ਅਤੇ ਠੰਡੀ ਹਵਾਵਾਂ ਚੱਲ ਰਹੀਆਂ ਹਨ। ਇਸ ਨਾਲ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਵੀ ਪ੍ਰਭਾਵਿਤ ਹੋ ਰਹੀ ਹੈ। ਬਾਹਰ ਜਾਣ ਵਾਲੇ ਲੋਕਾਂ ਨੂੰ ਸਾਵਧਾਨੀ ਵਰਤਣੀ ਪੈ ਰਹੀ ਹੈ। ਖਾਸ ਕਰਕੇ ਬਿਜਲੀ ਦੀਆਂ ਤਾਰਾਂ ਤੇ ਉੱਚੀਆਂ ਇਮਾਰਤਾਂ ਨਾਲ ਖਤਰਾ ਵਧ ਗਿਆ ਹੈ। ਤੇਜ਼ ਹਵਾਵਾਂ ਕਾਰਨ ਘਰਾਂ ਦੀਆਂ ਛੱਤਾਂ ਤੇ ਲਗੀਆਂ ਚੀਜ਼ਾਂ ਵੀ ਉਡਾਈਆਂ ਜਾ ਸਕਦੀਆਂ ਹਨ। ਲੋਕਾਂ ਨੂੰ ਘਰਾਂ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਮੌਸਮ ਦੀ ਜਾਣਕਾਰੀ ਲੈਣੀ ਚਾਹੀਦੀ ਹੈ। ਪੰਜਾਬ ਵਿਚ ਇਸ ਤਰ੍ਹਾਂ ਦੇ ਮੌਸਮੀ ਬਦਲਾਅ ਵਾਰ ਵਾਰ ਵਾਪਰ ਰਹੇ ਹਨ ਜਿਸ ਕਾਰਨ ਖੇਤੀਬਾੜੀ ਨੂੰ ਲਗਾਤਾਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਅਤੇ ਐੱਸਡੀਐੱਮਏ ਵੱਲੋਂ ਜਾਰੀ ਅਲਰਟ ਲੋਕਾਂ ਲਈ ਚੇਤਾਵਨੀ ਵਜੋਂ ਕੰਮ ਕਰਦਾ ਹੈ।



ਲੋਕਾਂ ਨੂੰ ਘਰਾਂ ਵਿਚ ਰਹਿਣ ਅਤੇ ਬੱਚਿਆਂ ਤੇ ਬਜ਼ੁਰਗਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਬਿਜਲੀ ਚਮਕਣ ਵਾਲੀ ਸਥਿਤੀ ਵਿਚ ਬਿਜਲੀ ਦੇ ਉਪਕਰਣਾਂ ਤੋਂ ਦੂਰ ਰਹਿਣਾ ਚਾਹੀਦਾ ਹੈ।

ਇਸ ਮੌਸਮੀ ਤਬਦੀਲੀ ਨੇ ਲੋਕਾਂ ਵਿਚ ਚਰਚਾ ਵੀ ਸ਼ੁਰੂ ਕਰ ਦਿੱਤੀ ਹੈ ਕਿ ਗਲੋਬਲ ਵਾਰਮਿੰਗ ਅਤੇ ਵਾਤਾਵਰਣੀ ਤਬਦੀਲੀਆਂ ਕਾਰਨ ਇਸ ਤਰ੍ਹਾਂ ਦੇ ਅਚਾਨਕ ਬਦਲਾਅ ਵਧ ਰਹੇ ਹਨ। ਵਿਗਿਆਨੀ ਲਗਾਤਾਰ ਚੇਤਾਵਨੀ ਦੇ ਰਹੇ ਹਨ ਕਿ ਅਜਿਹੀਆਂ ਘਟਨਾਵਾਂ ਭਵਿੱਖ ਵਿਚ ਵੀ ਵਾਪਰ ਸਕਦੀਆਂ ਹਨ। ਇਸ ਲਈ ਲੋਕਾਂ ਅਤੇ ਸਰਕਾਰੀ ਏਜੰਸੀਆਂ ਨੂੰ ਤਿਆਰ ਰਹਿਣਾ ਚਾਹੀਦਾ ਹੈ।

ਕੁੱਲ ਮਿਲਾ ਕੇ ਇਸ ਵੇਲੇ ਪੰਜਾਬ ਵਿਚ ਮੌਸਮ ਠੰਡਾ ਅਤੇ ਬੱਦਲਵਾਈ ਵਾਲਾ ਹੈ। ਲੋਕ ਆਪਣੀ ਸੁਰੱਖਿਆ ਲਈ ਸਾਵਧਾਨੀ ਵਰਤ ਰਹੇ ਹਨ ਅਤੇ ਖੇਤੀਬਾੜੀ ਉੱਤੇ ਪੈਣ ਵਾਲੇ ਨੁਕਸਾਨ ਤੋਂ ਚਿੰਤਤ ਹਨ। ਐੱਸਡੀਐੱਮਏ ਵੱਲੋਂ ਜਾਰੀ ਅਲਰਟ ਇੱਕ ਚੰਗੀ ਪਹਿਲ ਹੈ ਜਿਸ ਨਾਲ ਲੋਕ ਤਿਆਰ ਰਹਿ ਸਕਦੇ ਹਨ। ਆਉਣ ਵਾਲੇ ਘੰਟਿਆਂ ਵਿਚ ਮੌਸਮ ਵਿਚ ਕਿਹੜੀਆਂ ਤਬਦੀਲੀਆਂ ਆਉਂਦੀਆਂ ਹਨ ਇਸ ਬਾਰੇ ਲੋਕ ਲਗਾਤਾਰ ਜਾਣਕਾਰੀ ਲੈ ਰਹੇ ਹਨ।

ਇਸ ਤੋਂ ਇਲਾਵਾ ਖੇਤੀ ਵਿਭਾਗ ਵੀ ਕਿਸਾਨਾਂ ਨੂੰ ਸਲਾਹ ਦੇ ਰਿਹਾ ਹੈ ਕਿ ਫਸਲਾਂ ਦੀ ਰੱਖਿਆ ਲਈ ਉਪਾਅ ਕੀਤੇ ਜਾਣ। ਜਿੱਥੇ ਗੜ੍ਹੇਮਾਰੀ ਹੋਈ ਹੈ ਉੱਥੇ ਫਸਲਾਂ ਦਾ ਨਿਰੀਖਣ ਕੀਤਾ ਜਾਵੇ ਅਤੇ ਜਰੂਰੀ ਕਦਮ ਚੁੱਕੇ ਜਾਣ। ਪੰਜਾਬ ਵਰਗੇ ਖੇਤੀ ਪ੍ਰਧਾਨ ਰਾਜ ਵਿਚ ਇਸ ਤਰ੍ਹਾਂ ਦਾ ਮੌਸਮ ਆਰਥਿਕ ਤੌਰ ਤੇ ਵੀ ਅਸਰ ਕਰਦਾ ਹੈ। ਉਮੀਦ ਹੈ ਕਿ ਇਸ ਅਲਰਟ ਤੋਂ ਬਾਅਦ ਕੋਈ ਵੱਡਾ ਨੁਕਸਾਨ ਨਾ ਹੋਵੇ ਅਤੇ ਲੋਕ ਸੁਰੱਖਿਅਤ ਰਹਿਣ।

# ਮੈਂ ਭਾਰਤੀ ਨਹੀਂ ਹਾਂ, ਮੈਂ ਇਸ ਸਾਰੀ ਧਰਤੀ ਦਾ ਹਾਂ, ਇਹ ਸਾਰੀ ਧਰਤੀ ਮੇਰਾ ਘਰ ਹੈ



ਮੈਂ ਭਾਰਤੀ ਨਹੀਂ ਹਾਂ। ਮੈਂ ਇਸ ਸਾਰੀ ਧਰਤੀ ਦਾ ਹਾਂ। ਇਹ ਸਾਰੀ ਧਰਤੀ ਮੇਰਾ ਘਰ ਹੈ। ਮੈਂ ਓਨਾ ਹੀ ਭਾਰਤੀ ਹਾਂ ਜਿੰਨਾ ਮੈਂ ਜਾਪਾਨੀ ਹਾਂ, ਜਿੰਨਾ ਮੈਂ ਚੀਨੀ ਹਾਂ। ਮੈਂ ਇਸ ਸਾਰੀ ਧਰਤੀ ਨੂੰ ਇੱਕ ਮੰਨ ਕੇ ਚੱਲ ਰਿਹਾ ਹਾਂ। ਮੇਰੀ ਨਜ਼ਰ ਵਿੱਚ ਰਾਸ਼ਟਰ ਸਮਾਪਤ ਹੋ ਗਏ ਹਨ, ਰਾਸ਼ਟਰਾਂ ਦੀਆਂ ਹੱਦਾਂ ਅਲੋਪ ਹੋ ਗਈਆਂ ਹਨ।

ਇਸ ਲਈ ਤੁਸੀਂ ਇੱਥੇ 'ਭਾਰਤ' ਸ਼ਬਦ ਨੂੰ ਬਾਰ ਬਾਰ ਉਠਾਉਣ ਦੀ ਚੇਸ਼ਟਾ ਛੱਡ ਦਿਉ; ਮੇਰੇ ਲਈ ਇਸਦੀ ਕੋਈ ਕੀਮਤ ਨਹੀਂ ਹੈ। ਇਹ ਸਿਰਫ ਇੱਕ ਰਸਮੀ ਚੀਜ਼ ਹੈ, ਇੱਕ ਨਕਸ਼ੇ ਦੀ ਚੀਜ਼। ਪਰ ਮੈਂ ਭਾਰਤੀ ਹਾਂ ਨਹੀਂ - ਉਸ ਅਰਥ ਵਿੱਚ ਭਾਰਤੀ ਨਹੀਂ ਜਿਸ ਅਰਥ ਵਿੱਚ ਵਿਵੇਕਾਨੰਦ ਭਾਰਤੀ ਹਨ। ਉਹਨਾਂ ਨੂੰ ਲੱਗਦਾ ਹੈ ਕਿ ਭਾਰਤ ਕੁਝ ਖਾਸ ਹੈ, ਵਿਸ਼ੇਸ਼ ਧਰਮਭੂਮੀ, ਪੁੰਨਭੂਮੀ!

ਮੈਂ ਰਾਸ਼ਟਰਵਾਦੀ ਨਹੀਂ ਹਾਂ। ਰਾਸ਼ਟਰਵਾਦ ਇੱਕ ਬਿਮਾਰੀ ਹੈ! ਅਤੇ ਸੰਸਾਰ ਨੇ ਕਾਫ਼ੀ ਤੜਪ ਲਿਆ ਹੈ ਇਸ ਬਿਮਾਰੀ ਤੋਂ । ਹੁਣ ਇਹ ਰਾਸ਼ਟਰਵਾਦ ਜਾਣਾ ਚਾਹੀਦਾ ਹੈ।

ਮੈਂ ਅੰਤਰਰਾਸ਼ਟਰੀ ਹਾਂ। ਮੇਰੇ ਲਈ ਗੀਤਾ ਓਨੀ ਹੀ ਆਪਣੀ ਹੈ ਜਿੰਨੀ ਬਾਈਬਲ ਅਤੇ ਜਿੰਨੀ ਕੁਰਾਨ ਹੈ। ਮੈਂ ਨਾ ਹਿੰਦੂ ਹਾਂ, ਨਾ ਮੁਸਲਮਾਨ, ਨਾ ਈਸਾਈ। ਮੈਂ ਯਿਸੂ ਨੂੰ ਓਨਾ ਹੀ ਪਿਆਰ ਕਰਦਾ ਹਾਂ ਜਿੰਨਾ ਮੈਂ ਕ੍ਰਿਸ਼ਨ ਨੂੰ ਪਿਆਰ ਕਰਦਾ ਹਾਂ। ਅਤੇ ਮੈਨੂੰ ਲਾਓਤਜ਼ੂ ਨਾਲ ਓਨਾ ਹੀ ਲਗਾਵ ਹੈ ਜਿੰਨਾ ਪਤੰਜਲੀ ਨਾਲ ਹੈ। ਮੈਂ ਸਾਰੇ ਸੰਸਾਰ ਦੀ ਜੋ ਅਧਿਆਤਮਕ ਸੰਪਦਾ, ਰੂਹਾਨੀ ਦੌਲਤ ਹੈ, ਉਸਦੀ ਵਸੀਅਤ ਦੀ ਘੋਸ਼ਣਾ ਕਰਦਾ ਹਾਂ। ਸਾਰੇ ਸੰਸਾਰ ਦੀ ਰੂਹਾਨੀ ਦੌਲਤ ਦੀ ਵਸੀਅਤ ਮੇਰੀ ਹੈ।

ਇਸਲਈ ਕੋਈ ਮੁਸਲਮਾਨ ਮੈਨੂੰ ਇਹ ਨਾ ਕਹੇ ਕਿ ਮੈਂ ਕੁਰਾਨ 'ਤੇ ਕਿਉਂ ਬੋਲਿਆ? ਕੁਰਾਨ ਮੇਰਾ ਹੈ! ਕੋਈ ਹਿੰਦੂ ਮੈਨੂੰ ਇਹ ਨਾ ਕਹੇ ਕਿ ਮੈਂ ਗੀਤਾ 'ਤੇ ਕਿਉਂ ਬੋਲਿਆ? ਗੀਤਾ 'ਤੇ ਬੋਲਣ ਲਈ ਮੇਰਾ ਹਿੰਦੂ ਹੋਣਾ ਜ਼ਰੂਰੀ ਨਹੀਂ ਹੈ। ਜਿਵੇਂ ਹਿਮਾਲਿਆ ਅਤੇ ਇਸ ਦੀ ਖੂਬਸੂਰਤੀ ਦੀ ਪ੍ਰਸ਼ੰਸਾ ਕਰਨ ਲਈ ਮੇਰਾ ਭਾਰਤੀ ਹੋਣਾ ਜ਼ਰੂਰੀ ਨਹੀਂ ਹੈ, ਉਸੇ ਤਰ੍ਹਾਂ ਆਲਪਸ ਪਰਵਤ ਬਾਰੇ ਚਰਚਾ ਕਰਨ ਲਈ ਮੇਰਾ ਫ੍ਰਾਂਸੀਸੀ (ਫ੍ਰੈਂਚ) ਹੋਣਾ ਜ਼ਰੂਰੀ ਨਹੀਂ ਹੈ - ਉਸੇ ਤਰ੍ਹਾਂ ਗੀਤਾ, ਕੁਰਾਨ, ਤਾਓ-ਤਿਹ-ਕਿੰਗ ਜਾਂ ਧੱਮਪਦ, ਉਨ੍ਹਾਂ ਦੀ ਚਰਚਾ ਕਰਨ ਲਈ, ਮੇਰਾ ਕਿਸੇ ਵੀ ਦੇਸ਼ ਨਾਲ ਜੁੜੇ ਹੋਣਾ ਜ਼ਰੂਰੀ ਨਹੀਂ ਹੈ.

ਸਾਰੇ ਸੰਸਾਰ ਦਾ ਸਭਿਆਚਾਰ ਮੇਰਾ ਹੈ। ਸਾਰੇ ਸੰਸਾਰ ਦੀ ਸੰਸਕ੍ਰਿਤੀ ਮੇਰੀ ਹੈ। ਸਾਰੀ ਦੁਨੀਆਂ ਦੇ ਜਾਗਰੂਕ ਮਨੁੱਖ, ਉਹ ਦੀਵੇ ਕਿਤੇ ਵੀ ਜਗਦੇ ਹੋਣ, ਕਿਸੇ ਵੀ ਢੰਗ ਦੇ ਰਹੇ ਹੋਣ, ਉਨ੍ਹਾਂ ਦਾ ਚਾਨਣ ਮੇਰਾ ਹੈ।

ਇਸ ਗੱਲ ਨੂੰ ਤੁਸੀਂ ਕਦੇ ਭੁੱਲਿਓ ਨਾ।

~ ਓਸ਼ੋ 🌻

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਕੜਮਾਂ ...**

ਨਫ਼ਰਤਾਂ ਰੱਖੋਂਗੇ ਤਾਂ ਕੜਮਾਂ ਹੀ ਕਹਾਉਗੇ। ਕੜਮੇਂ ਬੰਦੇ ਦੀ ਸੰਗਤ ਕਰਕੇ ਕੋਈ ਕਦੀ ਵੀ ਰਾਜ਼ੀ ਨਹੀਂ ਹੁੰਦਾ॥ ਮਨ 'ਚ ਭੈੜ, ਖਿਆਲਾਂ 'ਚ ਘਿਰਣਾ, ਖੁੱਦ ਦੇ ਵੀ ਵਿਰੋਧੀ ਕੰਮ ਕਰਨ ਵਾਲਾ ਕੜਮਾਂ ਹੀ ਹੋਵੇਗਾ। ਪਿਆਰ ਵੰਡੋ ਮੁਹੱਬਤ ਮਿਲੇਗੀ। ਸਾੜ੍ਹਾ ਕਰੋਂਗੇ ਤਾਂ ਨਫਰਤ ਹੀ ਪਾਓਗੇ॥ ਕੜਮਾਂਪਣ ਤਿਆਗੋ। ਸਰਬੱਤ ਦੇ ਭਲੇ ਦੇ ਪ੍ਰਚਾਰ ਪਸਾਰ ਦੇ ਰਾਹ ਤੁਰੋ ਤਾਂ ਸਭ ਜੱਗ ਆਪਣਾ ਲੱਗਣ ਲੱਗ ਪਵੇਗਾ॥

**ਕੜਾਕਾ ...**

ਮੁਹੱਬਤੀ ਲਈ ਥੱਪੜ ਦਾ ਕੜਾਕਾ ਦੁੱਖ ਭਰੀਆਂ ਸੰਵੇਦਨਾਵਾਂ ਪੈਦਾ ਕਰਦੈ ਪਰ ਨਫ਼ਰਤੀਆਂ ਲਈ ਇਹ ਕੜਾਕਾ ਸੰਗੀਤਕ ਧੁੰਨ ਵਰਗਾ ਹੁੰਦੈ। ਸੋਚ ਆਪੋ ਆਪਣੀ॥ ਕੜਾਕਾ ਸੁਧਾਰ ਦੇ ਰਾਹ ਘੱਟ ਤੁਰਦੈ ਪਰ ਨਫ਼ਰਤਾਂ ਭਰੀਆਂ ਪਗਡੰਡੀਆਂ ਜਰੂਰ ਬਣਾ ਦਿੰਦੈ। ਚਿੰਤਨ ਕਰੋ, ਥੱਪੜ ਮਾਰਨ ਦੀ ਨੌਬਤ ਹੀ ਪੈਦਾ ਨਾ ਹੋਵੇ॥ ਹੰਕਾਰੀ ਆਦਾਵਾਂ ਜਾਂ ਗਲਤ ਫਹਿਮੀਆਂ ਕਾਰਨ ਟੁੱਟੇ ਦਿਲਾਂ ਦਾ ਕੜਾਕਾ ਸੁਣਾਈ ਭਾਵੇਂ ਨਾ ਵੀ ਦੇਵੇ ਪਰ ਲੰਬੀ ਉਮਰ ਤੱਕ ਦੇ ਦਰਦ ਪੈਦਾ ਕਰ ਜਾਂਦੈ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

ਲੇਖਕ ਆਪਣੀਆਂ ਰਚਨਾਵਾਂ
ਇਸ ਨੰਬਰ ਤੇ ਭੇਜ ਸਕਦੇ ਹਨ
+91 98155 61022

# ਵਾਹਿਗੁਰੂ ਜੀ ਕਬਿੱਤ ਛੰਦ ਤਲਖ਼ ਹਕੀਕਤਾਂ



ਇੱਕ ਗੱਲ ਯਾਦ ਰੱਖੋ, ਸੱਜਣੋ ਪਿਆਰਿਓ ਜੀ,
ਹੋਵੇ ਨਾ ਕਦਰ ਜਿੱਥੇ, ਉੱਥੇ ਕਦੇ ਜਾਈਏ ਨਾ।
ਬੇਈਮਾਨ ਬੰਦਿਆਂ ਦੀ, ਮਹਿਫ਼ਲ ਚ ਜਾਣਾ ਪੈ ਜੇ,
ਦਿਲਾਂ ਵਾਲਾ ਗੀਤ ਉੱਥੇ , ਭੁੱਲ ਕੇ ਵੀ ਗਾਈਏ ਨਾ।
ਪਾਸਾ ਵੱਟ ਲੰਘਣਾ ਹੀ,ਚੰਗਾ ਹੁੰਦਾ ਜ਼ਹਿਰੀ ਕੋਲੋਂ,
ਐਵੇਂ ਸੁੱਤਾ ਨਾਗ ਛੇੜ, ਕਦੇ ਵੀ ਜਗਾਈਏ ਨਾ।
ਆਪਣੀ ਇੱਜ਼ਤ ਹੁੰਦੀ, ਆਪਣੇ ਹੀ ਹੱਥ ਭਾਈ,
ਚਿੱਕੜ ਗਿਲਾਨੀ ਵਿੱਚ,ਪੈਰਾਂ ਨੂੰ ਟਿਕਾਈਏ ਨਾ ।

ਮਤਲਬ ਖੋਰਾਂ ਨੂੰ ਜੀ,ਕਰੀਏ ਸਲਾਮ ਦੂਰੋਂ,
ਕਰ ਜੀ ਹਜ਼ੂਰੀ ਐਵੇਂ, ਸਿਰ ਤੇ ਚੜ੍ਹਾਈਏ ਨਾ।
ਆਦਤ ਬੁਰੀ ਹੈ ਹੁੰਦੀ ,ਚੱਕੀ ਨੂੰ ਜੀ ਚੱਟਣੇ ਦੀ,
ਰਾਜ ਗੱਦੀ ਉੱਤੇ ਕੁੱਤਾ, ਭੁੱਲ ਕੇ ਬਿਠਾਈਏ ਨਾ ।
ਆਪ ਮਾਇਆ ਨਾਲ਼ ਸਦਾ, ਰਹਿੰਦੇ ਭਰਪੂਰ ਢੌਂਗੀ ,
ਲੋਕਾਂ ਨੂੰ ਸਿਖਾਉਂਦੇ ਮਾਇਆ, ਚਿੱਤ ਚ ਵਸਾਈਏ ਨਾ।
ਆਂਵਦਾ ਸਵੇਰਾ ਸਦਾ,ਕਾਲੀ ਨੇਰ੍ਹੀ ਰਾਤ ਪਿੱਛੋਂ,
ਹੋ ਕੇ ਜੀ ਨਿਰਾਸ਼ ਐਵੇਂ, ਚਿੱਤ ਨੂੰ ਡੁਲਾਈਏ ਨਾ।

ਬਾਬਲੇ ਦੀ ਪੱਗ ਸੁੱਚੀ, ਰੱਖੀਏ ਹਮੇਸ਼ ਚੇਤੇ,
ਮਾਂ ਦੇ ਚੁੰਘੇ ਦੁੱਧ ਨੂੰ ਵੀ,ਲਾਜ ਕਦੇ ਲਾਈਏ ਨਾ।
ਸੁਆਸ ਅਨਮੋਲ ਕਹਿੰਦੇ ,ਮਹਿੰਗੇ ਹੀਰੇ ਮੋਤੀਆਂ ਤੋਂ,
ਕੌਡੀਆਂ ਦੇ ਭਾਅ ਕਿਤੇ, ਇਨ੍ਹਾਂ ਨੂੰ ਗਵਾਈਏ ਨਾ ।
ਤਕੜੇ ਦਾ ਪਾਣੀ ਵਾਧੂ,ਭਰੀਏ ਨਾ ਬਿਨਾਂ ਗੱਲੋਂ।
ਗਊ ਜਾਂ ਗ਼ਰੀਬ ਉੱਤੇ, ਕਹਿਰ ਕਮਾਈਏ ਨਾ।
ਭਲਾ ਸਰਬੱਤ ਦਾ ਹੀ,ਮੰਗੀਏ ਜੀ ਹੱਥ ਜੋੜ,
ਦਾਤੇ ਦੀਆਂ ਰਹਿਮਤਾਂ ਨੂੰ,ਦਿਲ ਚੋਂ ਭੁਲਾਈਏ ਨਾ।

ਸਬਰ ਸੰਜਮ ਪੱਲੇ , ਸਾਦਗੀ ਸ਼ੁਕਰ ਚੰਗਾ ,
ਰੂਪ ਨੂੰ ਗਵਾਵੇ ਜਿਹੜਾ, ਗਹਿਣਾ ਮੰਗ ਪਾਈਏ ਨਾ।
ਹਾਜ਼ਮਾ ਨਾ ਠੀਕ ਹੋਵੇ, ਰੱਖ ਪਰਹੇਜ਼ ਲਈਏ
ਲੋੜੋਂ ਵੱਧ ਖਾ ਕੇ ਐਵੇਂ,ਰੋਗ ਨੂੰ ਵਧਾਈਏ ਨਾ।।
ਆਪਣੀ ਚਾਦਰ ਦੇਖ, ਪੈਰਾਂ ਨੂੰ ਪਸਾਰ ਲਈਏ ,
ਅੱਡੀ ਚੁੱਕ ਫਾਹਾ ਲੈ ਕੇ,ਜਿੰਦ ਤੜਫਾਈਏ ਨਾ।
ਪੈਂਦੇ ਰਜਨੀਸ਼ ਉਦੋਂ, ਮਾਮਲੇ ਪੁਆੜੇ ਵੱਡੇ,
ਜਿੰਨਾ ਚਿਰ ਗੱਲ ਠੋਸ, ਕਰਕੇ ਮੁਕਾਈਏ ਨਾ।

ਰਜਨੀਸ਼ ਕੌਰ ਬਬਲੀ, ਬਰਨਾਲਾ।

# ਵੱਛਾ ( ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋਂ)



ਪੁੱਤ ਦਾ ਖਾਂਦਾ ਅਤੇ ਵੱਛੇ ਨੂੰ ਖਵਾਇਆ ਕਸਾਰੇ(ਪਾਲਤੂ) ਨਹੀਂ ਜਾਂਦਾ,ਪੁਰਾਣੇ ਸਮਿਆਂ ਵਿੱਚ ਸਿਆਣਿਆਂ ਵਲੋਂ ਕਿਹਾ ਜਾਂਦਾ ਸੀ। ਸਿਆਣਿਆਂ ਵਲੋਂ ਇਹ ਵੀ ਆਖਿਆ ਜਾਂਦਾ ਸੀ,ਧੰਨ ਹੈ ਗਾਂ ਦਾ ਜਾਇਆ,ਜਿਸ ਸਾਰਾ ਮੁਲਖ ਵਸਾਇਆ। ਪਰੰਤੂ ਅੱਜ ਦੇ ਵਿਗਿਆਨਕ ਯੁੱਗ ਵਿੱਚ ਇਹਨਾਂ ਅਖਾਣਾਂ ਦੇ ਕੋਈ ਮਹਿਨੇ ਨਹੀਂ ਰਹੇ।

ਉਸ ਸਮੇਂ ਜਦੋਂ ਗਾਂ ਸੂਣ ਵਾਲੀ ਹੁੰਦੀ ਸੀ,ਲੋਕ ਰੱਬ ਅੱਗੇ ਬੇਨਤੀਆਂ ਅਤੇ ਅਰਜੋਈਆਂ ਕਰਦੇ ਸਨ।'ਸਾਡੀ ਗਾਂ ਵੱਛਾ ਦੇਵੇ" । ਜਦੋਂ ਗਾਂ ਸੂਅ ਪੈਂਦੀ ਸੀ,ਜੇਕਰ ਵੱਛਾ ਦਿੱਤਾ ਹੋਵੇ ਤਾਂ ਘਰ ਵਿੱਚ ਖੁਸ਼ੀ ਮਨਾਉਂਦਿਆਂ ਗੁੜ ਵੰਡਿਆ ਜਾਂਦਾ ਸੀ। ਇਸ ਤੋ ਇਲਾਵਾ ਆਂਢੀਆਂ ਗੁਵਾਢੀਆਂ ਵਲੋਂ ਵਧਾਈਆਂ ਦਿੱਤੀਆ ਜਾਦੀਆਂ ਸਨ। ਜੇਕਰ ਵੱਛੀ ਜੰਮ ਪੈਦੀ ਸੀ ਤਾ ਘਰ ਵਿੱਚ ਉਦਾਸੀ ਜਿਹੀ ਫੈਲ ਜਾਂਦੀ ਸੀ।

ਇਹ ਅਖਾਣ ਵੀ ਵੱਛੇ ਦੇ ਹੱਕ ਵਿੱਚ ਵਰਤਿਆ ਜਾਂਦਾ ਸੀ,ਆਪੇ ਗੱਲ ਕਰਕੇ ਹੱਸੀਏ ਨਾ, ਵੱਛਾ ਗਾਂ ਚੁੰਘਦਾ ਦੱਸੀਏ ਨਾ।ਭਾਵ ਜੇਕਰ ਵੱਛਾ ਰੱਸੀ ਤੋੜ ਕੇ ਜਾ ਕਿਸੇ ਕਾਰਨ ਖੁੱਲ ਕੇ ਘਰਦਿਆਂ ਤੋਂ ਚੋਰੀ ਗਾਂ ਚੁੰਘ ਰਿਹਾ ਹੁੰਦਾ ਸੀ ਤਾਂ ਮਾਲਕ ਨੂੰ ਦੱਸਣਾ,ਮੁਖਬਰ ਤੱਕ ਸਮਝਿਆ ਜਾਂਦਾ ਸੀ।

ਇਸ ਤੋ ਇਲਾਵਾ ਵੱਛੇ ਨੂੰ ਪੁੱਤਾਂ ਵਾਗ ਪਾਲਿਆ ਜਾਂਦਾ ਸੀ। ਜੇਕਰ ਘਰ ਵਿੱਚ ਲਵੇਰਾ ਵਧੇਰੇ ਹੋਵੇ ਤਾ ਵੱਛੇ ਨੂੰ ਰੱਜਵਾਂ ਦੁੱਧ ਛੱਡਿਆ ਜਾਂਦਾ ਸੀ। ਵੱਛੇ ਤੋ ਵਧੀਆ ਬੌਲਦ ਬਣਾਉਣ ਲਈ ਵੰਡ ਵੜੇਵਿਆ ਦੀ ਰੱਜਵੀ ਖੁਰਾਕ ਦਿੱਤੀ ਜਾਂਦੀ ਸੀ। ਇਸ ਤਰ੍ਹਾਂ ਵੱਛੇ ਦੋ ਢਾਈ ਸਾਲਾ ਬਾਅਦ ਵੈੜਕੇ ਬਣ ਜਾਂਦੇ ਸਨ। ਇਹ ਵੈੜਕੇ ਬੁੱਢੇ ਬੌਲਦਾ ਨੂੰ ਸਾਹ ਦਿਵਾਉਣ ਦੀ ਝੁੱਟੀ ਮਾਰਨ ਲੱਗ ਪੈਂਦੇ ਸਨ।

ਤਾਕਤਵਰ ਅਤੇ ਫੁਰਤੀਲੇ ਵੈੜਕੇ ਨੂੰ ਲਾਦੂ ਕੱਢਣਾ ਕੋਈ ਖਾਲਾ ਜੀ ਦਾ ਵਾੜਾ ਨਹੀ ਸੀ ਹੁੰਦਾ। ਪਹਿਲਾਂ ਅਲਕ ਵੈੜਕੇ ਦੇ ਕੰਹਨ ਤੇ ਖਾਲੀ ਪੰਜਾਲੀ ਦਾ ਜੂਲਾ ਰੱਖਿਆ ਜਾਂਦਾ ਸੀ। ਪਰ ਸਿਆਣਿਆਂ ਦਾ ਕਥਨ ਹੈ, ਧਰੇਕ ਦੀਆਂ ਲਗਰਾਂ ਜਿੰਨੀਆਂ ਮਰਜ਼ੀ ਵਧ ਜਾਣ ਪਰੰਤੂ ਅਜਾਲੀ ਦੀ ਘੰੜਾਗੀ ਤੋ ਉੱਚੀਆਂ ਨਹੀਂ ਹੋ ਸਕਦੀਆਂ।

ਇਸ ਤਰ੍ਹਾਂ ਅਲਕ ਵੈੜਕੇ ਜਿੰਨੀਆਂ ਮਰਜ਼ੀ ਧੁਰਲੀਆਂ ਮਾਰ ਲੈਣ,ਆਖਿਰ ਮਾਲਕ ਦੀ ਮਰਜ਼ੀ ਨਾਲ ਚੱਲਣਾ ਸਿੱਖ ਜਾਂਦੇ ਸਨ। ਕਈ ਵਾਰ ਅਲਕ ਵੈੜਕੇ ਧੁਰਲੀਆਂ ਮਾਰ ਕੇ ਹਲ ਪੰਜਾਲੀ ਵੀ ਤੋੜ ਦਿੰਦੇ ਸਨ। ਪਰੰਤੂ ਇਹ ਕਾਰਨਾਮਾ ਵੀ ਬਹੁਤਾ ਚਿਰ ਨਹੀਂ ਚੱਲਦਾ ਸੀ। ਪਹਿਲਾਂ ਅਲਕ ਵੈੜਕਿਆਂ ਨਾਲ ਦੋ ਚਾਰ ਰਾਹਲਾਂ ਹੀ ਵਾਹੀਆ ਜਾਦੀਆਂ ਸਨ। ਫੇਰ ਉਸ ਦਾ ਥਕੇਵਾਂ ਲਾਹੁਣ ਲਈ ਗੁੜ ਦੀ ਰੋੜੀ ਭੰਨ ਕੇ ਖਵਾਈ ਜਾਂਦੀ ਸੀ। ਇਸ ਤੋ ਇਲਾਵਾ ਰਾਤ ਨੂੰ ਕੁਝ ਦਿਨ ਕੰਹਨ ਮਤਾੜੇ ਜਾਣ ਤੋ ਕੋਸੇ ਪਾਣੀ ਵਿੱਚ ਸਰੋਂ ਦਾ ਤੇਲ ਅਤੇ ਲੂਣ ਪਾ ਕੇ ਕੱਪੜੇ ਨਾਲ ਦਸ ਮਿੰਟ ਟਕੋਰ ਕੀਤੀ ਜਾਂਦੀ ਸੀ।

ਇਸ ਤਰ੍ਹਾਂ ਮਹੀਨੇ ਕੋ ਬਾਅਦ ਵੈੜਕੇ ਨਾਲ ਪੂਰਾ ਜੋਤਰਾ ਲਾਇਆ ਜਾਂਦਾ ਸੀ। ਭਾਵ ਕਿੱਲਾ ਪੈਲੀ ਵਾਹ ਕੇ ਸਵਾਗਾਂ ਫੇਰਿਆਂ ਜਾਂਦਾ ਸੀ। ਉਸ ਟਾਇਮ ਸਿਆਣਿਆਂ ਵਲੋਂ ਇਹ ਅਖਾਣ ਵੀ ਵਰਤਿਆ ਜਾਂਦਾ ਸੀ,ਦੱਬ ਕੇ ਵਾਹ,ਰੱਜ ਕੇ ਖਾਹ। ਮਤਲਬ ਬੰਜਰ ਧਰਤੀ ਵਿੱਚੋਂ ਖੱਬਲ,ਬਰੂ,ਦਿੱਬ,ਪੋਹਲੀ,ਸਰਕੰਡਾ ਮਾਰ ਕੇ ਫਸਲ ਬੀਜਣ ਲਈ ਜਮੀਨ ਵਿੱਚ ਦੱਬ ਕੇ ਹਲ ਵਾਹੁਣਾ ਪੈਦਾ ਸੀ। ਜੇਕਰ ਪੈਲੀ ਵਾਹ ਦੀ ਕੱਚੀ ਰਹਿ ਜਾਵੇ ਤਾ ਬੀਜੀ ਫਸਲ ਨੂੰ ਖੱਬਲ,ਬਰੂ ਵਰਗੇ ਘਾਹ ਨੱਪ ਲੈਂਦੇ ਸਨ। ਇਸ ਕਰਕੇ ਇਹ ਅਖਾਣ ਵੀ ਵਰਤਿਆ ਜਾਂਦਾ ਸੀ,ਕਰਮ ਚਲੇ ਜਾਂਦੇ ਹਨ,ਪਰੰਤੂ ਵਾਹ ਨਹੀਂ ਜਾਦੀ। ਭਾਵ ਜੇਕਰ ਪਹਿਲੀ ਫਸਲ ਕਿਸੇ ਕਾਰਨ ਨਾ ਹੋਵੇ ਤਾ ਦੱਬ ਕੇ ਵਾਹੀ ਪੈਲੀ ਵਿੱਚ ਅਗਲੀ ਫਸਲ ਥੋੜੀ ਮਿਹਨਤ ਨਾਲ ਹੋ ਜਾਂਦੀ ਸੀ।

ਇਸ ਤਰ੍ਹਾਂ ਵੱਛੇ ਤੋ ਬਣੇ ਬੌਲਦ ਦਸ ਪੰਦਰਾਂ ਸਾਲ ਤੱਕ ਖੇਤੀ ਵਿੱਚ ਜਿੰਦ ਜਾਨ ਤੋੜ ਕੇ ਆਪਣੇ ਮਾਲਕ ਦਾ ਸਾਥ ਦਿੰਦੇ ਸਨ। ਇਸ ਤਰ੍ਹਾਂ ਮਿੱਟੀ ਨਾਲ ਮਿੱਟੀ ਹੋ ਕੇ,ਢੱਗਿਆ ਨੂੰ ਪਰਾਣੀ ਵਾਹ ਕੇ ਕਿਸਾਨ ਜਿਹੜੇ ਦਾਣੇ ਪੈਦਾ ਕਰਦਾ ਸੀ। ਉਹ ਦਾਣੇ ਖਾ ਕੇ ਸਮਾਜ ਜਿਉਂਦਾ ਰਹਿੰਦਾ ਸੀ। ਇਸ ਤਰ੍ਹਾਂ ਭੁੱਖਮਰੀ ਅਤੇ ਕਾਲ ਪੈਣ ਤੋ ਰੋਕਣ ਲਈ,ਕਿਸਾਨ ਇਕ ਭਗਵਾਨ ਦਾ ਕੰਮ ਕਰਦਾ ਸੀ।ਇਸ ਕਰਕੇ ਉਸ ਸਮੇਂ ਕਿਸਾਨ ਨੂੰ ਅੰਨਦਾਤਾ ਕਿਹਾ ਜਾਂਦਾ ਸੀ।

ਜੇਕਰ ਕੁਦਰਤ ਦੀ ਕਿਸੇ ਕਰੋਪੀ ਕਾਰਨ,ਜਿਵੇ ਔੜ ਲੱਗ ਜਾਣੀ,ਤੁਫਾਨ ਹਨੇਰੀਆਂ ਆ ਜਾਣੀਆਂ,ਗੜੇ ਮਾਰ ਹੋ ਜਾਣੀ ਤਾ ਕਾਲ ਪੈ ਜਾਂਦਾ ਸੀ। ਧੜਾ ਧੜ ਲੋਕ ਭੁੱਖ ਨਾਲ ਮਰ ਜਾਂਦੇ ਸਨ। ਇਹਨਾਂ ਹਲਾਤਾਂ ਵਿੱਚ ਗਾਂ ਨੂੰ ਮਾਂ ਦਾ ਦਰਜਾ ਦਿੱਤਾ ਗਿਆ ਸੀ। ਇਹ ਵੀ ਕਿਹਾ ਜਾਂਦਾ ਸੀ,ਧਰਤੀ" ਗਾਂ ਜਾ ਬੌਲਦ ਦੇ ਸਿੰਗਾਂ ਤੇ ਟਿਕੀ ਹੋਈ ਹੈ। ਇਸ ਕਰਕੇ ਇਹ ਸੱਚ ਸੀ,ਧੰਨ ਗਾਂ ਦਾ ਜਾਇਆ,ਜਿਸ ਨੇ ਸਾਰਾ ਮੁਲਖ ਵਸਾਇਆ।

ਪਰੰਤੂ ਵਿਗਿਆਨਕ ਯੁੱਧ ਆਉਣ ਕਰਕੇ ਖੇਤੀ ਨਾਲ ਜੁੜੇ ਸਾਰੇ ਲੋਕ ਤੱਥ ਬੇਅਰਥ ਹੋ ਚੁੱਕੇ ਹਨ। ਹੁਣ ਸਭ ਤੋਂ ਵੱਧ ਬੇਕਦਰੀ ਵੱਛੇ ਦੀ ਹੋਈ ਹੈ। ਜਿਸ ਨੂੰ ਪਹਿਲਾ ਦੁੱਧ ਤੋੜ ਕੀਤਾ ਜਾਂਦਾ ਹੈ। ਫੇਰ ਉਸ ਦੇ ਹਾੜਬੂ ਕੱਢ ਕੇ ਭੁੱਖ ਨਾਲ ਮਾਰਿਆਂ ਜਾਂਦਾ ਹੈ। ਪਰੰਤੂ ਜੇਕਰ ਖੋਰ ਖਾਰ ਖਾ ਕੇ ਬਚ ਵੀ ਜਾਵੇ,ਉਸ ਨੂੰ ਘਰੋਂ ਕੱਢਣ ਦੀ ਚਿੰਤਾ ਲੱਗੀ ਰਹਿੰਦੀ ਹੈ। ਸਿਆਣੇ ਇਹ ਵੀ ਕਹਿੰਦੇ ਹਨ,ਬੱਕਰੇ ਦੀ ਮਾਂ ਕਿੰਨਾ ਕੋ ਚਿਰ ਸੁੱਖਣਾ ਸੁੱਖ ਲਵੇਗੀ।ਆਖਿਰ ਛੇ ਮਹੀਨਿਆਂ ਬਾਅਦ ਰਾਤ ਨੂੰ ਅੱਖਾਂ ਬੰਨ੍ਹ ਕੇ ਦੋ ਚਾਰ ਕਿਲੋਮੀਟਰ ਦੂਰ ਦੁਰਾਡੇ ਛੱਡ ਕੇ ਆਪਣੇ ਆਪ ਨੂੰ ਇਸ ਦੇ ਬੋਝ ਤੋਂ ਹਲਕਾ ਫੁਲਕਾ ਮਹਿਸੂਸ ਕੀਤਾ ਜਾਂਦਾ ਹੈ। ਉਸ ਨੂੰ ਤੜਫ ਤੜਫ ਕੇ ਮਰਨ ਲਈ ਅਵਾਰਾ ਛੱਡਿਆ ਜਾਂਦਾ ਹੈ।

ਹੁਣ ਖੇਤਾਂ ਦਾ ਰਾਜਾ ਟਰੈਕਟਰ ਬਣ ਗਿਆ ਹੈ। ਲੱਖਾਂ ਸਾਲ ਮਨੁੱਖ ਨੂੰ ਜਿਉਂਦਾ ਰੱਖਣ ਵਾਲਾ ਵੱਛਾ ਰੂੜੀ ਦਾ ਕੂੜਾ ਬਣ ਚੁੱਕਾ ਹੈ ਅਤੇ ਖੇਤਾਂ ਦਾ ਦੁਸ਼ਮਣ ਬਣ ਗਿਆ ਹੈ।

ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋਂ।
9530579175,

# ਸਹਿਜ ਪੱਕੇ ਸੋ ਮੀਠਾ ਹੋਇ: ਅੱਜ ਦੀ 'ਇੰਸਟੈਂਟ' ਦੁਨੀਆ ਅਤੇ ਸਾਡਾ ਘਟਦਾ ਸਬਰ



ਅੱਜ ਦੀ ਦੁਨੀਆ 'ਕਲਿੱਕ' ਦੀ ਦੁਨੀਆ ਬਣ ਗਈ ਹੈ, ਜਿੱਥੇ ਹਰ ਚੀਜ਼ ਸਾਡੀਆਂ ਉਂਗਲਾਂ ਦੇ ਪੋਟਿਆਂ 'ਤੇ ਹਾਜ਼ਰ ਹੈ। ਦੋ ਮਿੰਟ ਵਿੱਚ ਨੂਡਲਸ ਤਿਆਰ ਹਨ, ਦਸ ਮਿੰਟ ਵਿੱਚ ਰਾਸ਼ਨ ਘਰ ਪਹੁੰਚ ਰਿਹਾ ਹੈ ਅਤੇ ਇੱਕ ਸੈਕਿੰਡ ਵਿੱਚ ਸਾਡਾ ਸੁਨੇਹਾ ਸੱਤ ਸਮੁੰਦਰੋਂ ਪਾਰ ਪਹੁੰਚ ਜਾਂਦਾ ਹੈ। ਵਿਗਿਆਨ ਦੀ ਇਸ ਬੇਮਿਸਾਲ ਤਰੱਕੀ ਨੇ ਸਾਨੂੰ ਸੁੱਖ-ਸਹੂਲਤਾਂ ਦਾ ਅੰਬਾਰ ਤਾਂ ਦਿੱਤਾ ਹੈ, ਪਰ ਸਾਡੇ ਕੋਲੋਂ ਇੱਕ ਬਹੁਤ ਹੀ ਕੀਮਤੀ ਸਰਮਾਇਆ ਖੋਹ ਲਿਆ ਹੈ—ਉਹ ਹੈ 'ਸਬਰ'। ਅਸੀਂ ਮਸ਼ੀਨਾਂ ਨੂੰ ਤੇਜ਼ ਕਰਦਿਆਂ-ਕਰਦਿਆਂ ਆਪਣੇ ਸੁਭਾਅ ਨੂੰ ਵੀ ਇੰਨਾ ਮਸ਼ੀਨੀ ਬਣਾ ਲਿਆ ਹੈ ਕਿ ਹੁਣ ਸਾਡੇ ਕੋਲ ਕਿਸੇ ਵੀ ਚੀਜ਼ ਲਈ ਇੰਤਜ਼ਾਰ ਕਰਨ ਦੀ ਹਿੰਮਤ ਨਹੀਂ ਬਚੀ।

ਜੇ ਅਸੀਂ ਕੁਝ ਦਹਾਕੇ ਪਿੱਛੇ ਮੁੜ ਕੇ ਦੇਖੀਏ, ਤਾਂ ਜ਼ਿੰਦਗੀ ਦੀ ਅਸਲ ਖੂਬਸੂਰਤੀ 'ਇੰਤਜ਼ਾਰ' ਵਿੱਚ ਹੀ ਲੁਕੀ ਹੁੰਦੀ ਸੀ। ਕਿਸੇ ਪ੍ਰਾਹੁਣੇ ਦੇ ਆਉਣ ਦੀ ਉਡੀਕ, ਡਾਕੀਏ ਦੇ ਹੱਥੋਂ ਆਉਣ ਵਾਲੀ ਚਿੱਠੀ ਦੀ ਤੜਫ਼, ਜਾਂ ਮੌਸਮ ਮੁਤਾਬਕ ਆਉਣ ਵਾਲੇ ਫਲਾਂ ਦਾ ਸਵਾਦ—ਇਹ ਸਭ ਸਬਰ ਨਾਲ ਜੁੜੇ ਹੋਏ ਸਨ। ਉਸ ਇੰਤਜ਼ਾਰ ਵਿੱਚ ਇੱਕ ਮਿਠਾਸ ਹੁੰਦੀ ਸੀ। ਜਦੋਂ ਕੋਈ ਚੀਜ਼ ਦੇਰ ਨਾਲ ਮਿਲਦੀ ਸੀ, ਤਾਂ ਉਸ ਦੀ ਕਦਰ ਅਤੇ ਸੰਭਾਲ ਵੀ ਜ਼ਿਆਦਾ ਹੁੰਦੀ ਸੀ। ਪਰ ਅੱਜ 'ਇੰਸਟੈਂਟ' ਦੇ ਚੱਕਰ ਵਿੱਚ ਅਸੀਂ ਚੀਜ਼ਾਂ ਨੂੰ ਹਾਸਲ ਤਾਂ ਬਹੁਤ ਜਲਦੀ ਕਰ ਲੈਂਦੇ ਹਾਂ, ਪਰ ਉਨ੍ਹਾਂ ਦਾ ਅਨੰਦ ਮਾਨਣਾ ਭੁੱਲ ਗਏ ਹਾਂ। ਹੁਣ ਜੇਕਰ ਇੰਟਰਨੈੱਟ ਦੀ ਸਪੀਡ ਥੋੜ੍ਹੀ ਹੌਲੀ ਹੋ ਜਾਵੇ ਜਾਂ ਯੂ-ਟਿਊਬ 'ਤੇ ਕੁਝ ਸੈਕਿੰਡ ਦਾ ਵਿਗਿਆਪਨ ਆ ਜਾਵੇ, ਤਾਂ ਸਾਡਾ ਮਨ ਬੇਚੈਨ ਹੋ ਜਾਂਦਾ ਹੈ। ਇਹ ਚਿੜਚਿੜਾਪਨ ਸਿਰਫ਼ ਤਕਨੀਕ ਤੱਕ ਸੀਮਤ ਨਹੀਂ ਰਿਹਾ, ਸਗੋਂ ਸਾਡੇ ਰਿਸ਼ਤਿਆਂ ਅਤੇ ਨਿੱਜੀ ਜੀਵਨ ਵਿੱਚ ਵੀ ਘਰ ਕਰ ਗਿਆ ਹੈ।

ਇਸ ਘਟਦੇ ਸਬਰ ਨੇ ਸਾਡੇ ਰਿਸ਼ਤਿਆਂ ਦੇ ਨਿੱਘ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ। ਅੱਜ ਅਸੀਂ ਚਾਹੁੰਦੇ ਹਾਂ ਕਿ ਸਾਡਾ ਸਾਥੀ ਸਾਡੀ ਗੱਲ ਬਿਨਾਂ ਕਹੇ ਤੁਰੰਤ ਸਮਝ ਜਾਵੇ ਅਤੇ ਬੱਚੇ ਪਹਿਲੇ ਦਿਨ ਹੀ ਸਭ ਕੁਝ ਸਿੱਖ ਜਾਣ। ਅਸੀਂ ਦੂਜੇ ਦੀ ਗੱਲ ਸੁਣਨ ਅਤੇ ਸਮਝਣ ਦਾ ਸਬਰ ਗੁਆ ਚੁੱਕੇ ਹਾਂ। ਛੋਟੀਆਂ-ਛੋਟੀਆਂ ਗੱਲਾਂ 'ਤੇ ਹੋਣ ਵਾਲੇ ਤਕਰਾਰ ਅਸਲ ਵਿੱਚ ਸਾਡੀ ਉਸੇ ਮਾਨਸਿਕਤਾ ਦਾ ਨਤੀਜਾ ਹਨ, ਜਿੱਥੇ ਅਸੀਂ ਹਰ ਚੀਜ਼ ਦਾ ਹੱਲ 'ਇੰਸਟੈਂਟ' ਚਾਹੁੰਦੇ ਹਾਂ। ਅਸੀਂ ਇਹ ਭੁੱਲ ਜਾਂਦੇ ਹਾਂ ਕਿ ਜ਼ਿੰਦਗੀ ਦੀਆਂ ਸਭ ਤੋਂ ਮਹਾਨ ਅਤੇ ਖੂਬਸੂਰਤ ਚੀਜ਼ਾਂ ਵਕਤ ਲੈਂਦੀਆਂ ਹਨ। ਇੱਕ ਬੀਜ ਨੂੰ ਰੁੱਖ ਬਣਨ ਲਈ, ਇੱਕ ਫ਼ਸਲ ਨੂੰ ਪੱਕਣ ਲਈ ਅਤੇ ਇੱਕ ਰਿਸ਼ਤੇ ਨੂੰ ਗੂੜ੍ਹਾ ਹੋਣ ਲਈ ਸਬਰ ਦੀ ਖਾਦ ਪਾਉਣੀ ਪੈਂਦੀ ਹੈ।

ਪੁਰਾਣੇ ਬਜ਼ੁਰਗ ਸਿਆਣੇ ਸਨ ਜੋ ਕਹਿੰਦੇ ਸਨ ਕਿ 'ਸਹਿਜ ਪੱਕੇ ਸੋ ਮੀਠਾ ਹੋਇ'। ਜੋ ਕੰਮ ਸਹਿਜ ਅਤੇ ਸਬਰ ਨਾਲ ਹੁੰਦਾ ਹੈ, ਉਸ ਦਾ ਫਲ ਹਮੇਸ਼ਾ ਸੁਆਦ ਹੁੰਦਾ ਹੈ। ਅੱਜ ਸਾਨੂੰ ਫਿਰ ਤੋਂ ਉਸੇ ਸਹਿਜ ਸੁਭਾਅ ਵੱਲ ਮੁੜਨ ਦੀ ਲੋੜ ਹੈ। ਜ਼ਿੰਦਗੀ ਕੋਈ ਰੇਸ ਨਹੀਂ ਹੈ ਜਿਸ ਨੂੰ ਸਿਰਫ਼ ਜਿੱਤਣ ਲਈ ਦੌੜਨਾ ਹੈ, ਇਹ ਇੱਕ ਸਫ਼ਰ ਹੈ ਜਿਸ ਦੇ ਹਰ ਮੋੜ ਦਾ ਆਨੰਦ ਲੈਣਾ ਚਾਹੀਦਾ ਹੈ। ਜੇਕਰ ਅਸੀਂ ਇੰਨੀ ਤੇਜ਼ ਰਫ਼ਤਾਰ ਨਾਲ ਦੌੜਦੇ ਰਹੇ, ਤਾਂ ਜ਼ਿੰਦਗੀ ਦੇ ਖੂਬਸੂਰਤ ਨਜ਼ਾਰੇ ਸਾਡੀਆਂ ਅੱਖਾਂ ਮੂਹਰਿਓਂ ਬਿਨਾਂ ਪਛਾਣੇ ਲੰਘ ਜਾਣਗੇ। ਕਦੇ-ਕਦੇ ਫੋਨ ਪਰੇ ਰੱਖ ਕੇ ਖਾਲੀ ਬੈਠਣਾ, ਬਿਨਾਂ ਕਿਸੇ ਕੰਮ ਦੇ ਕੁਦਰਤ ਨੂੰ ਦੇਖਣਾ ਅਤੇ ਪਰਿਵਾਰ ਨਾਲ ਬਿਨਾਂ ਮਤਲਬ ਦੀਆਂ ਗੱਲਾਂ ਕਰਨਾ ਹੀ ਸਾਨੂੰ ਅਸਲ ਸਕੂਨ ਦੇ ਸਕਦਾ ਹੈ। ਸਬਰ ਦਾ ਮਤਲਬ ਸਿਰਫ਼ ਹੱਥ 'ਤੇ ਹੱਥ ਧਰ ਕੇ ਬੈਠਣਾ ਨਹੀਂ, ਸਗੋਂ ਉਡੀਕ ਦੇ ਦੌਰਾਨ ਆਪਣੇ ਮਨ ਦੀ ਸ਼ਾਂਤੀ ਨੂੰ ਬਣਾਈ ਰੱਖਣ ਦੀ ਕਲਾ ਹੈ। ਜਿਸ ਦਿਨ ਅਸੀਂ ਇਹ ਕਲਾ ਸਿੱਖ ਲਈ, ਉਸ ਦਿਨ ਜ਼ਿੰਦਗੀ ਮੁੜ ਤੋਂ ਮਹਿਕਣ ਲੱਗ ਪਵੇਗੀ।

ਸਨਦੀਪ ਸਿੱਧੂ - 9463661542

## "ਬਦਲਦੇ ਪਿੰਡ , ਬਦਲਦਾ ਪੰਜਾਬ" ਸਕੀਮ 'ਤੇ 3500 ਕਰੋੜ ਖਰਚੇ ਜਾਣਗੇ: ਧਾਲੀਵਾਲ



ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ,30 ਮਾਰਚ

ਆਮ ਆਦਮੀ ਪਾਰਟੀ ਦੇ ਸੂਬਾ ਮੁੱਖ ਬੁਲਾਰੇ, ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ. ਕੁਲਦੀਪ ਸਿੰਘ ਧਾਲੀਵਾਲ ਨੇ ਆਪਣੇ ਚੋਣ ਹਲਕਾ ਅਜਨਾਲਾ ਵਾਸੀਆਂ ਨਾਲ ਸਿੱਧਾ ਸੰਪਰਕ ਬਣਾਉਣ ਤੇ ਸੂਬਾ ਸਰਕਾਰ ਦੇ ਹੱਥ ਹੋਰ ਮਜ਼ਬੂਤ ਕਰਨ ਲਈ ਵਿੱਢੀ 10 ਰੋਜ਼ਾ " ਸ਼ਾਨਦਾਰ 4 ਸਾਲ, ਭਗਵੰਤ ਮਾਨ ਦੇ ਨਾਲ" ਜਨ ਸੰਪਰਕ ਮੁਹਿੰਮ ਨੂੰ ਪਿੰਡਾਂ ਚ ਮਿਲ ਰਹੇ ਜਨਤਕ ਮੀਟਿੰਗਾਂ ਚ ਆਪ ਮੁਹਾਰੇ ਉਤਸ਼ਾਹ ਨੂੰ ਸਰਕਾਰ ਦੇ ਹੱਕ ਚ ਭੁਨਾਉਣ ਲਈ ਜਨਤਕ ਲਹਿਰ ਦੀ ਪ੍ਰਚੰਡ ਉਸਾਰੀ ਚ ਆਪਣੇ ਤੋਂ ਇਲਾਵਾ ਸੀਨੀਅਰ ਮਹਿਲਾ ਆਗੂ, ਹਲਕਾ ਸਿੱਖਿਆ ਕੋਆਰਡੀਨੇਟਰ ਤੇ ਆਪਣੀ ਬੇਟੀ ਐਡਵੋਕੇਟ ਅਮਨਦੀਪ ਕੌਰ ਧਾਲੀਵਾਲ ਨੂੰ ਵੱਖਰੇ ਤੌਰ ਤੇ ਪੇਂਡੂ ਲੋਕਾਂ ਨਾਲ ਸਿੱਧਾ ਸੰਵਾਦ ਰਚਾਉਣ, ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਸੁਣਨ ਤੇ ਰੋਜ਼ਾਨਾ 7 - 7 ਪਿੰਡਾਂ ਚ ਵੱਖ ਵੱਖ ਜਨਤਕ ਮੀਟਿੰਗਾਂ ਨੂੰ ਸੰਬੋਧਨ ਕਰਨ ਲਈ ਅੱਜ ਤੋਂ ਬਕਾਇਦਾ ਜ਼ਿੰਮੇਵਾਰੀ ਸੌਂਪ ਦਿੱਤੀ ਹੈ। ਜਦੋਂ ਕਿ ਅੱਜ ਪਾਰਟੀ ਮੁੱਖ ਬੁਲਾਰੇ ਤੇ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਨੇ ਆਪਣੀ 10 ਰੋਜ਼ਾ ਪ੍ਰਚਾਰ ਮੁਹਿੰਮ ਦੇ 5ਵੇਂ ਦਿਨ ਸਰਹੱਦੀ ਪਿੰਡਾਂ ਆਬਾਦੀ ਸੋਹਣ ਸਿੰਘ, ਬਲੜਵਾਲ, ਆਬਾਦੀ ਹਰਨਾਮ ਸਿੰਘ, ਆਬਾਦੀ ਬਾਬਾ ਗਮ ਚੁੱਕ ਸਾਹਿਬ ਨਵਾਂ ਡੱਲਾ ਤੇ ਸਾਹੋਵਾਲ ਪਿੰਡਾ ਦੇ ਲੋਕਾਂ ਨਾਲ ਜਿੱਥੇ ਮੁਸ਼ਕਲਾਂ ਸੁਣਨ ਤੇ ਹੱਲ ਕਰਨ ਲਈ ਸਿੱਧਾ ਵਿਚਾਰ ਵਟਾਂਦਰਾ ਕੀਤਾ, ਉੱਥੇ ਬਲਾਕ ਪ੍ਰਧਾਨ ਭਲਵਾਨ ਰੱਘੂ ਦੇਵ ਸਰੰਗਦੇਵ, ਜਸਜੀਤ ਸਿੰਘ, ਪ੍ਰਗਟ ਸਿੰਘ, ਬਲਜੀਤ ਸਿੰਘ, ਸਰਪੰਚ ਜਗਤਾਰ ਸਿੰਘ ਦੇ ਉਪਰਾਲੇ ਨਾਲ ਹੋਈਆਂ ਪ੍ਰਭਾਵਸ਼ਾਲੀ ਜਨਤਕ ਮੀਟਿੰਗਾਂ ਨੂੰ ਸੰਬੋਧਨ ਕੀਤਾ ਅਤੇ ਐਲਾਨ ਕੀਤਾ ਕਿ ਪਭਗਵੰਤ ਮਾਨ ਸਰਕਾਰ ਨੇ ਸਾਬਕਾ ਸਰਕਾਰਾਂ ਵਲੋਂ ਪੇਂਡੂ ਤੇ ਸ਼ਹਿਰੀ ਵਿਕਾਸ ਚ ਪਾਏ ਗਏ ਡੂੰਘੇ ਪਾੜੇ ਨੂੰ ਕਾਫੀ ਹੱਦ ਤੱਕ ਖ਼ਤਮ ਕਰਕੇ ਪਿਛਲੇ ਚਾਰ ਸਾਲਾਂ ਦੇ ਕਾਰਜਕਾਲ ਚ ਪੇਂਡੂ ਲੋਕਾਂ ਦੀ ਸ਼ਹਿਰਾਂ ਵੱਲ ਹੁੰਦੀ ਬੇਲੋੜੀ ਹਿਜ਼ਰਤ ਨੂੰ ਠੱਲ੍ਹ ਪਾਈ ਹੈ ਅਤੇ ਹੁਣ ਚਾਲੂ ਵਿੱਤੀ ਸਾਲ ਚ ਮਾਨ ਸਰਕਾਰ ਨੇ ਸਮਾਰਟ ਪਿੰਡ ਬਣਾਉਣ ਲਈ ਨਿਵੇਕਲੀ ਪਹਿਲ ਕਦਮੀ ਕਰਨ ਦਾ ਫੈਸਲਾ ਲਿਆ ਹੈ, ਜਿਸ ਤਹਿਤ ਸੂਬੇ ਭਰ ਦੇ 13 ਹਜ਼ਾਰ ਦੇ ਕਰੀਬ ਪਿੰਡਾਂ ਦੇ ਸੁੰਦਰੀਕਰਨ ਤੇ ਪੇਂਡੂ ਲੋਕਾਂ ਦਾ " ਬਦਲਦੇ ਪਿੰਡ, ਬਦਲਦਾ ਪੰਜਾਬ" ਮੁਹਿੰਮ ਦੌਰਾਨ ਜੀਵਨ ਪੱਧਰ ਉੱਚਾ ਚੁੱਕਣ ਲਈ 3500 ਕਰੋੜ ਦੀ ਲਾਗਤ ਨਾਲ ਛੱਪੜਾਂ, ਆਲੇ ਦੁਆਲੇ ਕੂੜਾ ਕਰਕਟ ਦੀ ਸਫ਼ਾਈ, ਸੀਵਰੇਜ ਸਿਸਟਮ, ਨਹਿਰਾਂ ਦਾ ਨਵੀਨੀਕਰਨ,, ਸਟਰੀਟ ਲਾਈਟਾਂ, ਖੇਡ ਦੇ ਮੈਦਾਨ, ਵੱਖਰੇ ਖਰਚੇ ਨਾਲ 45 ਹਜ਼ਾਰ ਕਿਲੋਮੀਟਰ ਵੱਡੀਆਂ ਤੇ ਛੋਟੀਆਂ ਸੜਕਾਂ ਨੂੰ ਅਪਗਰੇਡ ਕਰਨ ਆਦਿ ਚਹੁੰ ਮੁੱਖੀ ਵਿਕਾਸ ਕਾਰਜਾਂ ਤੋਂ ਇਲਾਵਾ ਕਰੋੜਾਂ ਦੀ ਵੱਖਰੀ ਲਾਗਤ ਨਾਲ ਮੁਫ਼ਤ ਮਿਆਰੀ ਸਿਹਤ, ਸਿੱਖਿਆ ਤੇ ਰੁਜ਼ਗਾਰ ਸਹੂਲਤਾਂ ਮੁਹਈਆ ਕਰਵਾਈਆਂ ਜਾਣਗੀਆਂ ਤਾਂ ਜੋ ਪੇਂਡੂ ਲੋਕ ਅਤਿ ਦੀ ਮਹਿੰਗਾਈ ਚ ਸ਼ਹਿਰਾਂ ਵੱਲ ਹਿਜ਼ਰਤ ਕਰਨ ਦੀ ਬਜਾਏ ਪਿੰਡਾਂ ਚ ਸ਼ਹਿਰਾਂ ਵਰਗੀਆਂ ਸਹੂਲਤਾਂ ਦਾ ਅਨੰਦ ਮਾਣ ਸਕਣ।

ਇਸੇ ਦੌਰਾਨ ਮਹਿਲਾ ਆਗੂ ਤੇ ਹਲਕਾ ਸਿੱਖਿਆ ਕੋਆਰਡੀਨੇਟਰ ਐਡਵੋਕੇਟ ਅਮਨਦੀਪ ਕੌਰ ਧਾਲੀਵਾਲ ਨੇ ਪ੍ਰਚਾਰ ਮੁਹਿੰਮ ਨੂੰ ਚੜ੍ਹਤ ਵੱਲ ਲਿਜਾਂਦਿਆਂ ਪਿੰਡ ਨਾਨੋਕੇ, ਸੁਧਾਰ, ਕੁਰਾਲੀਆਂ, ਅਬੁਸੈਦ, ਲੌਗੋਮਹਾਲ, ਦਿਆਲਪੁਰਾ ਤੇ ਗੱਗੋਮਾਹਲ ਪਿੰਡਾਂ ਚ ਜਨਤਕ ਪੇਂਡੂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬਾ ਮਾਨ ਸਰਕਾਰ ਨੇ ਆਪਣੇ ਮੁਢਲੇ ਚਾਰ ਸਾਲ ਦੇ ਕਾਰਜਕਾਲ ਚ ਆਪਣੀਆਂ ਪੰਜਾਬ ਵਾਸੀਆਂ ਨੂੰ ਸਾਲ 2022 ਦੀਆਂ ਪੰਜਾਬ ਚੋਣਾਂ ਦੌਰਾਨ ਦਿੱਤੀਆਂ ਚੋਣ ਗਰੰਟੀਆਂ ਦਾ ਸਨਮਾਨ ਕਰਦੇ ਹੋਏ ਪੰਜ ਸਾਲ ਦੀ ਬਜਾਏ ਚਾਰ ਸਾਲ ਚ 100 ਫ਼ੀਸਦ ਪੂਰਾ ਕਰ ਦਿੱਤਾ ਹੈ ਅਤੇ ਆਮ ਸ਼੍ਰੇਣੀ ਦੀਆਂ ਔਰਤਾਂ ਨੂੰ 1000 ਰੁਪਏ ਤੇ ਦਲਿਤ ਸ਼੍ਰੇਣੀ ਔਰਤਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਸਹਾਇਤਾ ਰਾਸ਼ੀ ਦੀ ਗਰੰਟੀ ਨੂੰ ਆਉਂਦੇ ਦਿਨਾਂ ਚ ਅਪ੍ਰੈਲ ਮਹੀਨੇ ਤੋਂ ਲਾਗੂ ਕਰਕੇ ਪੰਜਾਬ ਦੀਆਂ ਔਰਤਾਂ ਨੂੰ ਦੇਸ਼ ਦੀਆਂ ਔਰਤਾਂ ਲਈ ਸਭ ਤੋਂ ਅਹਿਮ ਸਮਾਜਿਕ ਸੁਰੱਖਿਆ ਪਹਿਲ ਕਦਮੀ ਚ ਸ਼ੁਮਾਰ ਕਰਨ ਦਾ ਇਤਿਹਾਸ ਰਚਿਆ ਹੈ। ਇਸ ਸਮਾਜਿਕ ਗਰੰਟੀ ਲਈ ਬਕਾਇਦਾ ਮਾਨ ਸਰਕਾਰ ਨੇ 93 ਕਰੋੜ ਰੁਪਏ ਰਾਖਵੇਂ ਰੱਖੇ ਹਨ। ਮੀਟਿੰਗਾਂ ਚ ਬਲਾਕ ਇੰਚਾਰਜ ਮਲਕੀਅਤ ਸਿੰਘ, ਪ੍ਰਿਥੀਪਾਲ ਸਿੰਘ, ਹਲਕਾ ਮਹਿਲਾ ਇੰਚਾਰਜ ਗੁਰਦੀਪ ਕੌਰ ਆਦਿ ਤੋਂ ਇਲਾਵਾ ਸਬੰਧਿਤ ਪਿੰਡਾਂ ਦੇ ਸਰਪੰਚ, ਪੰਚ, ਮੋਹਤਬਰ, ਵਲੰਟੀਅਰ ਵੱਡੀ ਗਿਣਤੀ ਚ ਮੌਜੂਦ ਸਨ।

## ਕੀ ਹੈ ਪਾਚਣ ਪ੍ਰਣਾਲੀ ਦਾ ਕੈਂਸਰ ? ਡਾ ਅਜੀਤਪਾਲ ਸਿੰਘ ਐਮ ਡੀ



ਮੂੰਹ ਰਾਹੀਂ ਭੋਜਨ ਪਚਣ ਪਿੱਛੋਂ ਇਹ ਇਕ ਪਾਈਪ ਰਾਹੀਂ ਮਿਹਦੇ ਵਿੱਚ ਜਾਂਦਾ ਹੈ ਅਤੇ ਉਥੇ ਕੁਝ ਸਮਾਂ ਰਹਿੰਦਾ ਹੈ,ਜਿੱਥੇ ਇਸ ਉਪਰ ਵੱਖ ਵੱਖ ਤਰਾਂ ਦੀਆਂ ਕ੍ਰਿਆਵਾਂ ਹੁੰਦੀਆਂ ਹਨ। ਫਿਰ ਇਹ ਭੋਜਨ ਛੋਟੀ ਆਂਤੜੀ ਚ ਜਾਂਦਾ ਹੈ ਜਿਸ ਦੀ ਲੰਬਾਈ 22 ਫੁੱਟ ਹੁੰਦੀ ਹੈ,ਪਰ ਇਹ ਸਰੀਰ ਦੇ ਅੰਦਰ ਇਸ ਤਰਾਂ ਕੁੰਡਲੀ ਬਣਾਈ ਰੱਖਦੀ ਹੈ ਜਿਸ ਤੋਂ ਇਸ ਦੀ ਲੰਬਾਈ ਦਾ ਪਤਾ ਨਹੀਂ ਲੱਗਦਾ। ਛੋਟੀ ਅੰਤੜੀ ਸੱਜੇ ਪਾਸੇ ਵੱਡੀ ਅੰਤੜੀ ਚ ਜਾ ਖੁਲ੍ਹਦੀ ਹੈ,ਜਿੱਥੇ ਅਪੈਂਡਿਕਸ ਹੁੰਦਾ ਹੈ। ਜੇ ਅਪੈਂਡਿਕਸ ਵਿੱਚ ਭੋਜਨ ਦਾ ਕੋਈ ਕਣਕਾ ਫਸ ਜਾਏ ਤਾਂ ਦਰਦ ਹੋਣ ਲੱਗਦਾ ਹੈ, ਜਿਸ ਨੂੰ ਅਪੈਂਡੇਸਾਇਟਸ ਕਹਿੰਦੇ ਹਨ। ਆਪਰੇਸ਼ਨ ਕਰਕੇ ਇਸ ਨੂੰ ਫਿਰ ਕੱਢਣਾ ਲਾਜ਼ਮੀ ਹੋ ਜਾਂਦਾ ਹੈ। ਜਿੱਥੇ ਛੋਟੀ ਅੰਤੜੀ ਵੱਡੀ ਅੰਤੜੀ ਵਿੱਚ ਖੁਲ੍ਹਦੀ ਹੈ,ਉਸ ਨੂੰ ਸੀਕਮ ਕਹਿੰਦੇ ਹਨ। ਉਥੋਂ ਵੱਡੀ ਅੰਤੜੀ ਸ਼ੁਰੂ ਹੁੰਦੀ ਹੈ ਜੋ ਕਿ ਜਿਗਰ ਤੱਕ ਜਾਂਦੀ ਹੈ। ਇਸ ਦੇ ਨੇੜੇ ਤਿਲੀ ਹੁੰਦੀ ਹੈ ਉਸ ਪਿੱਛੋਂ ਕੁੱਲਾ ਤੇ ਫਿਰ ਰੈਕਟਮ/ਟੱਟੀ ਵਾਲੀ ਅੰਤੜੀ। ਟੱਟੀ ਵਾਲੀ ਅੰਤੜੀ /ਰਿਕਟਮ ਤੋਂ ਗੁਦਾ ਜੋ ਬਾਹਰ ਖੁੱਲਦਾ ਹੈ। ਇਹਨਾਂ ਵਿੱਚੋਂ ਕਿਸੇ ਵੀ ਹਿੱਸੇ ਦਾ ਕੈਂਸਰ ਹੋ ਸਕਦਾ ਹੈ। ਲੱਛਣ ਦੇ ਰੂਪ ਸਭ ਦੇ ਇੱਕੋ ਜਿਹੇ ਹੀ ਹੁੰਦੇ ਹਨ। ਜਿਗਰ ਪੇਟ ਦੇ ਸੱਜੇ ਪਾਸੇ ਹੁੰਦਾ ਹੈ। ਇਸ ਤੇ ਦੋ ਹਿੱਸੇ ਹੁੰਦੇ ਹਨ ਸੱਜਾ ਅਤੇ ਖੱਬਾ। ਸੱਜੇ ਪਾਸੇ ਵਾਲੀ ਹਿੱਸੇ ਦੇ ਹੇਠਾਂ ਪਿੱਤਾ ਹੁੰਦਾ ਹੈ। ਇਸ ਵਿੱਚ ਬਾਈਲ ਇਕੱਠਾ ਹੁੰਦਾ ਹੈ। ਜਿਗਰ ਖ਼ੂਨ ਬਣਾਉਂਦਾ ਹੈ ਤੇ ਖ਼ੂਨ ਨੂੰ ਸ਼ੁੱਧ ਵੀ ਕਰਦਾ ਹੈ। ਇਹ ਖ਼ੂਨ ਵਿੱਚੋਂ ਜ਼ਹਿਰੀਲੀਆਂ ਚੀਜ਼ਾਂ ਛਾਣ ਕੇ ਪਿੱਤ/ਬਾਈਲ ਬਣਾਉਂਦਾ ਹੈ। ਮਿਹਦੇ ਦਾ ਕੈਂਸਰ ਹੁੰਦਾ ਪਰ ਬਹੁਤਾ ਨਹੀਂ। ਤੰਬਕੂਨੋਸ਼ੀ ਤੇ ਸ਼ਰਾਬ ਪੀ ਨਾਲ ਕੈਂਸਰ ਹੁੰਦਾ ਹੈ ਜਾਂ ਫਿਰ ਉਹਨਾਂ ਲੋਕਾਂ ਨੂੰ ਜੋ ਮਿਰਚ ਮਸਾਲੇ ਜਿਆਦਾ ਖਾਂਦੇ ਹੋਣ। ਚਿੰਤਾ ਵੀ ਕੈਂਸਰ ਦਾ ਕਾਰਨ ਬਣ ਸਕਦੀ ਹੈ। ਮਿਹਦੇ ਦਾ ਕੈਂਸਰ ਅਕਸਰ ਮਰਦਾਂ ਨੂੰ ਹੁੰਦਾ ਹੈ ਤੇ ਆਮ ਕਰਕੇ 40 ਸਾਲ ਦੀ ਉਮਰ ਪਿੱਛੋਂ। ਇਸ ਦਾ ਰੂਪ ਖੁੰਬ ਦੀ ਛਤਰੀ ਜਾਂ ਗੋਭੀ ਦੇ ਫੁੱਲ ਵਰਗਾ ਹੁੰਦਾ ਹੈ ਪਰ ਕਦੇ ਕਦੇ ਗੰਡ ਵਾਂਗੂ ਜਿਸ ਚ ਖ਼ੂਨ ਭਰਿਆ ਰਹਿੰਦਾ ਹੈ। ਇਹ ਕਦੇ ਮਿਹਦੇ ਦੀਆਂ ਦਿਵਾਰਾਂ ਨਾਲ ਮਿਲ ਕੇ ਵੀ ਹੁੰਦਾ ਹੈ। ਥਾਂ ਘਟਣ ਕਰਕੇ ਫਿਰ ਉਥੇ ਭੋਜਨ ਪਾਣੀ ਨਹੀਂ ਸਮਾ ਸਕਦਾ। ਅੰਤੜੀਆਂ ਦਾ ਕੈਂਸਰ ਵੀ ਕਿਸੇ ਵੀ ਪ੍ਰਾਣੀ ਨੂੰ ਕਿਸੇ ਵੀ ਉਮਰ ਵਿੱਚ ਹੋ ਸਕਦਾ ਹੈ ਪਰ 30 ਸਾਲ ਦੀ ਉਮਰ ਪਿੱਛੋਂ ਅਣਪਚ ਜਾਂ ਬਦਹਜਮੀ ਇਸ ਦਾ ਕਾਰਨ ਹੋ ਸਕਦੀ ਹੈ। ਹੋਰ ਵੀ ਕਾਰਨ ਹੋ ਸਕਦੇ ਹਨ। ਇਸ ਬਾਰੇ ਕੈਂਸਰ ਵਿਗਿਆਨੀ ਅਜੇ ਚੁੱਪ ਹਨ। ਉਹਨਾਂ ਦੀ ਸਮਝ ਵਿੱਚ ਅਜੇ ਕਿਆਸਰਾਈਆਂ ਹੀ ਹਨ। ਰੋਗੀ ਨੂੰ ਕਦੀ ਕਬਜ਼ ਹੁੰਦੀ ਹੈ ਅਤੇ ਕਦੇ ਟਟੀਆਂ ਲੱਗਦੀਆਂ ਹਨ। ਇਸੇ ਭਰਮ ਵਿੱਚ ਫਸਿਆ ਰਹਿਣ ਕਰਕੇ ਕੈਂਸਰ ਵਧਦਾ ਰਹਿੰਦਾ ਹੈ। ਜਿਗਰ ਚ ਕੈਂਸਰ ਆਪਣੇ ਆਪ ਘੱਟ ਹੀ ਹੁੰਦੀ ਹੈ। ਸਰੀਰ ਦੇ ਹੋਰਨਾਂ ਹਿੱਸਿਆਂ ਤੋਂ ਕੈਂਸਰ ਦਾ ਪਸਾਰਾ ਜਿਗਰ ਚ ਪਹੁੰਚ ਕੇ ਉਥੇ ਵੀ ਕੈਂਸਰ ਫੈਲਾ ਦਿੰਦਾ ਹੈ। ਜੇ ਜਿਗਰ ਦਾ ਕੈਂਸਰ ਹੋ ਜਾਵੇ ਤਾਂ ਫਿਰ ਇਹ ਸਹੀ ਹੈ ਕਿ ਰੋਗੀ ਦੇ ਸਿਰ,ਅੰਤੜੀ, ਬੱਚੇਦਾਨੀ ਤੇ ਫੇਫੜਿਆਂ ਦੀ ਵੀ ਜਾਂਚ ਕੀਤੀ ਜਾਵੇ। ਧਰਨਾ ਤੇ ਇਹ ਵੀ ਹੈ ਕਿ ਜੇ ਕਿਸੇ ਇੱਕ ਤਰ੍ਹਾਂ ਦਾ ਰਸਾਇਣਵੱਧ ਮਾਤਰਾ ਚ ਭੋਜਨ ਚ ਮਿਲ ਜਾਵੇ ਤਾਂ ਉਸ ਨਾਲ ਜੁਗਰ ਦਾ ਕੈਂਸਰ ਹੋ ਸਕਦਾ ਹੈ ਭੋਜਨ ਪਦਾਰਥਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਚੀਨ ਚ ਜਿਗਰ ਦਾ ਕੈਂਸਰ ਵਧੇਰੇ ਹੈ। ਪਿੱਤੇ ਦਾ ਕੈਂਸਰ ਵੀ ਉਸਦੇ ਨਜਦੀਕ ਜਿਗਰ ਤੋਂ ਪਸਰਿਆ ਹੋ ਸਕਦਾ ਹੈ। ਕੈਂਸਰ ਪੂਰੇ ਮਿਹਦੇ ਨੂੰ ਘੇਰ ਲੈਂਦਾ ਹੈ ਅਤੇ ਉੱਥੇ ਆਸ ਪਾਸ ਦੀਆਂ ਥਾਵਾਂ ਨੂੰ ਅਸਰਅੰਦਾਜ ਕਰਦਾ ਹੈ। ਲਸਿਕਾ ਵਹੀਨੀਆਂ ਰਾਹੀਂ ਇਹ ਲਸਿਕਾ ਗ੍ਰੰਥੀਆਂ ਤੱਕ ਫੈਲ ਜਾਂਦਾ ਹੈ। ਖ਼ੂਨ ਰਾਹੀਂ ਇਸ ਦਾ ਪਸਾਰਾ ਲਿਵਰ,ਫੇਫੜਿਆਂ,ਦਿਮਾਗ,ਗੁਰਦਿਆਂ ਤੇ ਹੱਡੀਆਂ ਚ ਵੀ ਜਾਇਆ ਕਰਦਾ ਹੈ। ਮਿਹਦੇ ਦੇ ਕੈਂਸਰ ਕਾਰਨ ਸਭ ਤੋਂ ਪਹਿਲਾਂ ਪੇਟ ਦਰਦ ਹੁੰਦਾ ਹੈ। ਭੁੱਖ ਲੱਗਣੀ ਬੰਦ ਹੋ ਜਾਂਦੀ ਹੈ ਭਾਵ ਭੁੱਖ ਦੀ ਥਾਂ ਕਿਸੇ ਹੋਰ ਵਿਗਾੜ ਘੇਰ ਲਿਆ ਹੈ। ਇਸ ਕਾਰਨ ਮਿਹਦੇ ਚੋਂ ਬਣ ਕੇ ਨਿਕਲਣ ਵਾਲੀ ਰਸਾਂ ਦੀਆਂ ਗ੍ਰੰਥੀਆਂ ਕੰਮ ਕਰਨਾ ਬੰਦ ਕਰ ਦਿੰਦੀਆਂ ਹਨ। ਜਦੋਂ ਇਹ ਗ੍ਰੰਥੀਆਂ ਸਿਹਤਮੰਦ ਹੋਣ ਤਾਂ ਰਸਾਂ ਦਾ ਰਸਅ ਉਥੋਂ ਹੁੰਦਾ ਰਹਿੰਦਾ ਹੈ ਪਰ ਜਦੋਂ ਕੈਂਸਰ ਹੋਵੇ ਤਾਂ ਇਹਨਾਂ ਗ੍ਰੰਥੀਆਂ ਚੋਂ ਰਸਾਂ ਦਾ ਰਸਾਆ ਨਹੀਂ ਹੁੰਦਾ। ਮੇਦੇ ਚ ਕੈਂਸਰ ਹੋਣ ਕਰਕੇ ਸੈਲਾਂ ਚ ਕੈਂਸਰ ਕੋਸ਼ ਵੱਧ ਮਾਤਰਾ ਚ ਹੁੰਦਾ ਹੈ। ਇਸ ਕਾਰਨ ਥੋੜੇ ਜਿਹੇ ਭੋਜਨ ਨਾਲ ਹੀ ਪੇਟ ਭਰ ਜਾਂਦਾ ਹੈ ਜਾਂ ਫਿਰ ਭੁੱਖ ਲੱਗਣੀ ਲੱਗਦੀ ਹੀ ਨਹੀਂ। ਸੰਗਰਹਿਨੀ ਵੀ ਇਸੇ ਦਾ ਹੀ ਲੱਛਣ ਹੈ। ਕਦੇ ਖ਼ੂਨ ਵਹਿ ਕੇ ਰੋਗੀ ਦੁਰਬਲ/ਕਮਜ਼ੋਰ ਹੋ ਜਾਂਦਾ ਹੈ ਤੇ ਫਿਰ ਦਰਦ ਕਾਰਨ ਉਸ ਨੂੰ ਪੇਡੂ ਦਾ ਰੋਗ ਵੀ ਹੋ ਜਾਂਦਾ ਹੈ। ਮਿਹਦੇ ਤੋਂ ਇਹ ਰੋਗ ਉੱਪਰ ਵੱਲ ਛਾਤੀ ਅਤੇ ਫੇਫੜਿਆਂ ਚ ਜਾ ਸਕਦਾ ਹੈ ਅਤੇ ਅੰਤੜੀ ਜਾਂ ਜਿਗਰ ਵਿੱਚ ਵੀ। ਅੰਤੜੀ ਦੇ ਕੈਂਸਰ ਚ ਅਣਪਚ ਹੁੰਦਾ ਹੈ ਅਤੇ ਦਸਤ ਵੱਧ ਲੱਗਦੇ ਹਨ। ਇਹੀ ਲੱਛਣ ਕੋਲਾਈਟਸ ਦੇ ਵੀ ਹੁੰਦੇ ਹਨ। ਰੋਗ ਦੇ ਸ਼ੁਰੂ ਚ ਤਾਂ ਕੋਈ ਲੱਛਣ ਪ੍ਰਗਟ ਹੁੰਦਾ ਵੀ ਨਹੀਂ ਕਦੇ ਕਦੇ ਪੇਟ ਚ ਦਰਦ ਉੱਠਦਾ ਹੈ ਤੇ ਕਦੇ ਕਦੇ ਇਸ ਚੋਂ ਖ਼ੂਨ ਵੀ ਨਿਕਲਦਾ ਹੈ ਮਲ ਵਿੱਚ ਮਿਲ ਜਾਂਦਾ ਹੈ। ਜਿਗਰ ਦੇ ਕੈਂਸਰ ਚ ਪੇਟ ਦੇ ਉੱਪਰਲੇ ਸੱਜੇ ਪਾਸੇ ਚ ਕਦੀ ਕਦੀ ਗੰਢ ਦਾ ਹੋਣਾ ਮਹਿਸੂਸ ਹੁੰਦਾ ਹੈ। ਇਸ ਦੇ ਨਾਲ ਹੀ ਰੋਗੀ ਨੂੰ ਪੀਲੀਆ ਵੀ ਹੋ ਸਕਦਾ ਹੈ। ਕਈ ਰੋਗੀਆਂ ਨੂੰ ਇਸ ਨਾਲ ਬੁਖਾਰ ਵੀ ਹੋਣ ਲੱਗਦਾ ਹੈ। ਪਿੱਤੇ ਦੇ ਕੈਂਸਰ ਦੇ ਲੱਛਣ ਮਿਹਦੇ ਤੇ ਜਿਗਰ ਦੇ ਕੈਂਸਰ ਵਰਗੇ ਹੀ ਹੁੰਦੇ ਹਨ। ਭਾਵੇਂ ਕਿ ਪੇਟ ਦੇ ਸੱਜੇ ਭਾਗ ਚ ਅਸ ਹਿਦਰਦ ਹੋਣਾ ਇਸਦਾ ਇੱਕ ਲੱਛਣ ਹੈ। ਇਸ ਤੋਂ ਇਲਾਵਾ ਬੁਖਾਰ, ਪੀਲੀਏ ਅਤੇ ਪੇਟ ਦੇ ਸੱਜੇ ਉੱਪਰਲੇ ਹਿੱਸੇ ਚ ਕਿਸੇ ਗੰਢ ਦਾ ਅਨੁਭਵ ਹੋਣਾ ਵੀ ਪਿੱਤੇ ਤੇ ਕੈਂਸਰ ਦਾ ਲੱਛਣ ਮੰਨਿਆ ਜਾ ਸਕਦਾ ਹੈ। ਮਿਹਦੇ ਦੇ ਕੈਂਸਰ ਦੀ ਸ਼ਨਾਖ਼ਤ ਹੋ ਜਾਣ ਪਿੱਛੋਂ ਇਸ ਦਾ ਇਲਾਜ ਕੀਤਾ ਜਾਂਦਾ ਹੈ। ਪਹਿਚਾਣ ਲਈ ਬੇਰੀਅਮ ਦੇ ਕੇ ਪੇਟ ਦਾ ਐਕਸਰੇ ਕਰਕੇ ਇਸ ਦੇ ਨਿਸ਼ਾਨੀਆਂ/ਲੱਛਣ ਸਪਸ਼ਟ ਹੋ ਜਾਂਦੇ ਹਨ। ਜਿੰਨੀ ਥਾਂ ਕੈਂਸਰ ਗ੍ਰਸਤ ਹੁੰਦੀ ਹੈ ਉੱਥੇ ਬੇਰੀਅਮ ਨਹੀਂ ਦਿਸਦਾ। ਇਸ ਤੋਂ ਇਲਾਵਾ ਪੇਟ ਦਾ ਸੀਟੀਸ਼ਕੈਨ ਜਾਂ ਐਮਆਰਆਈ ਵੀ ਸਹਾਈ ਹੁੰਦਾ ਹੈ। ਬਾਇਪਸੀ ਨਾਲ ਕੈਂਸਰ ਦੀ ਪਹਿਚਾਣ ਵੀ ਸਰਬਪ੍ਰਵਾਣਿਤ ਹੈ। ਮਿਹਦੇ ਦੀ ਕੈਂਸਰ ਵਾਂਗੂ ਜਿਗਰ ਦੇ ਕੈਂਸਰ ਦਾ ਪਹਿਲਾਂ ਤੇ ਮੁੱਖ ਇਲਾਜ ਅਪ੍ਰੇਸ਼ਨ ਹੀ ਹੈ। ਸ਼ੁਰੂ ਦੇ ਪੜਾਅ ਚ ਜੇ ਕੈਂਸਰ ਹੋਵੇ ਤਾਂ ਉਸਦਾ ਪਸਾਰਾ ਰੋਕਣ ਲਈ ਫੋਰਨ ਅਪਰੇਸ਼ਨ ਕਰਕੇ ਉਸੇ ਹਿੱਸੇ ਨੂੰ ਬਾਹਰ ਕੱਢਿਆ ਜਾਵੇ। ਫਿਰ ਉਸ ਕੈਂਸਰ ਦੇ ਜਿਗਰ ਦੇ ਨਜ਼ਦੀਕੀ ਅੰਗਾਂ ਚ ਫੈਲਣ ਦੀ ਸੰਭਾਵਨਾ ਖਤਮ ਹੋ ਜਾਂਦੀ ਹੈ। ਵਿਕਿਰਨ/ ਰੇਡੀਓਥੈਰਪੀ ਰਾਹੀਂ ਜਿਗਰ ਦੇ ਕੈਂਸਰ ਨੂੰ ਖਤਮ ਕਰਨਾ ਸੰਭਵ ਨਹੀਂ ਹੁੰਦਾ। ਕੀਮੋਥੇਰਪੀ/ਦਵਾਈ ਰਾਹੀਂ ਇਲਾਜ ਹੀ ਇਸ ਦਾ ਮੁੱਖ ਇਲਾਜ ਮੰਨਿਆ ਜਾਂਣਾ ਚਾਹੀਦਾ ਹੈ। ਮਿਹਦੇ ਦਾ ਕੈਂਸਰ ਜਦ ਫੈਲ ਜਾਂਦਾ ਹੈ ਤਾਂ ਰੋਗੀ ਦੀ ਹਾਲਤ ਚਿੰਤਾ ਚਿੰਤਾਜਨਕ ਹੋ ਜਾਂਦੀ ਹੈ। ਅਜਿਹੀ ਹਾਲਤ ਚ ਰੋਗ ਲਾਇਲਾਜ ਹੋ ਜਾਂਦਾ ਹੈ। ਇਸ ਲਈ ਬਿਹਤਰ ਹੈ ਕਿ ਮਿਹਦੇ ਦਾ ਕੈਂਸਰ ਪੈਦਾ ਕਰਨ ਵਾਲੇ ਕਾਰਨਾਂ ਤੋਂ ਚੋਕੰਨੇ ਰਿਹਾ ਜਾਵੇ। ਇਹੀ ਇਸ ਤੋਂ ਬੱਚੇ ਰਹਿਣ ਦਾ ਉੱਤਮ ਉਪਾਅ ਹੈ। ਸ਼ਰਾਬ ਦੇ ਆਦਿ ਨੂੰ ਤੁਰੰਤ ਸ਼ਰਾਬ ਬੰਦ ਕਰ ਦੇਣੀ ਚਾਹੀਦੀ ਹੈ। ਤੰਮਾਕੂ ਨੂੰ ਤਾਂ ਮੁਕੰਮਲ ਤੌਰ ਤੇ ਤਿਆਗ ਦੇਣਾ ਚਾਹੀਦਾ ਹੈ। ਮਿਰਚ ਮਸਾਲੇ ਦੀ ਲੋੜ ਤੋਂ ਵੱਧ ਵਰਤੋਂ ਨਹੀਂ ਹੋਣੀ ਚਾਹੀਦਾ। ਸ਼ੁਰੂ ਦੇ ਲੱਛਣ ਪ੍ਰਗਟ ਹੁੰਦਿਆ ਹੀ ਆਪਰੇਸ਼ਨ ਕਰਵਾ ਕੇ ਦਵਾਈ ਨਾਲ ਇਲਾਜ ਕਰਵਾਉਣਾ ਚਾਹੀਦਾ ਹੈ। ਰੋਗੀ ਨੂੰ ਭੈਭੀਤ ਨਹੀਂ ਹੋਣਾ ਚਾਹੀਦਾ। ਸ਼ੁਰੂਆਤੀ ਲੱਛਣਾਂ ਦੇ ਪ੍ਰਗਟ ਹੁੰਦਿਆਂ ਹੀ ਆਪਰੇਸ਼ਨ ਕਰਵਾ ਕੇ ਇਸ ਰੋਗ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅੰਤੜੀ ਕੈਂਸਰ ਚ ਵੀ ਬੇਰਅਮ ਆਨੀਮਾ ਦੇ ਕੇ ਕੈਂਸਰ ਦੀ ਪਹਿਚਾਣ ਕੀਤੀ ਜਾਂਦੀ ਹੈ ਜਾਂ ਫਿਰ ਅਨੀਮਾ ਦੇ ਕੇ ਐਮਆਰਆਈ ਕੀਤੀ ਜਾਂਦੀ ਹੈ। ਗੁਦ ਚੋਂ ਆਉਂਦੇ ਖ਼ੂਨ ਨੂੰ ਕਈ ਵਾਰੀ ਲੋਕ ਬਵਾਸੀਰ, ਭੰਗਦਰ ਜਾਂ ਵਿਆਈ ਚੋਂ ਆਉਂਦਾ ਖ਼ੂਨ ਸਮਝ ਕੇ ਭਰਮ ਪਾਲਦੇ ਰਹਿੰਦੇ ਹਾਂ। ਜਿਸ ਕਾਰਨ ਉਸਦਾ ਰੋਗ ਵਧ ਜਾਂਦਾ ਹੈ ਰੋਗੀ ਖੁਦ ਅੰਦਾਜਾ ਲਾਉਣ ਦੀ ਥਾਂ ਡਾਕਟਰ ਨਾਲ ਸਲਾਹ ਕਰੇ ਤਾਂ ਫਾਇਦਾ ਹੁੰਦਾ ਹੈ। ਅੰਤੜੀ ਦੇ ਕੈਂਸਰ ਨਾਲ ਟੱਟੀ ਦਾ ਬੰਨ ਵੀ ਪੈ ਸਕਦਾ ਹੈ। ਸਭ ਤੋਂ ਪਹਿਲਾਂ ਤਾਂ ਬਿਲਕੁਲ ਬੰਨ ਖੋਲ੍ਹਣ ਲਈ ਆਪਰੇਸ਼ਨ ਕੀਤਾ ਜਾਵੇ ਜਿਸ ਨਾਲ ਅੜਿਕਾ ਦੂਰ ਹੋ ਕੇ ਟਟੀ ਆਉਣ ਲੱਗ ਜਾਵੇ। ਵਧੇ ਹੋਏ ਰੋਗ ਚ ਅੰਤੜੀ ਦਾ ਕੈਂਸਰ ਪ੍ਰਭਾਵਿਤ ਹਿੱਸਾ ਕੱਢ ਕੇ ਬਾਹਰ ਕਰ ਦਿੱਤਾ ਜਾਂਦਾ ਹੈ ਅਤੇ ਪੇਟ ਦੀ ਵੱਖੀ ਚੋਂ ਮਲ ਦਾ ਰਾਹ ਬਣਾ ਦਿੱਤਾ ਜਾਂਦਾ ਹੈ। ਜਿਸ ਨੂੰ ਕਲੋਸਟੀਮੀ ਕਹਿੰਦੇ ਹਨ। ਜਿਗਰ ਦਾ ਕੈਂਸਰ ਦਵਾਈਆਂ ਰਾਹੀ ਠੀਕ ਕੀਤਾ ਜਾਂਦਾ ਹੈ। ਸਫਲਤਾ ਦਿਸਦੀ ਹੋਵੇ ਤਾਂ ਜਿਗਰ ਦਾ ਆਪਰੇਸ਼ਨ ਕਰਨਾ ਬਣਦਾ ਹੈ। ਪਿੱਤੇ ਦੇ ਕੈਂਸਰ ਦਾ ਇਲਾਜ ਵੀ ਆਪਰੇਸ਼ਨ ਹੈ। ਪਿੱਤੇ ਦੀ ਥੈਲੀ ਕੱਢ ਕੇ ਬਾਹਰ ਕਰ ਦਿੱਤੀ ਜਾਂਦੀ ਹੈ ਅਤੇ ਫਿਰ ਇਸ ਦਾ ਬਾਇਪਸੀ ਟੈਸਟ ਕਰਾਇਆ ਜਾਂਦਾ ਹੈ। ਹਰ ਤਰ੍ਹਾਂ ਦੇ ਕੈਂਸਰ ਸਾਵਧਾਨੀ ਮੁੱਖ ਗੱਲ ਹੈ। ਜੇ ਬੰਦਾ ਚੁਕੰਨਾ ਰਹੇ ਤਾਂ ਲਾ ਇਲਾਜ ਰੋਗ ਉਸ ਨੂੰ ਨਾ ਘੇਰੇਣ ਪਰ ਅਕਸਰ ਬੰਦਾ ਸਿਹਤ ਪ੍ਰਤੀ ਲਾਪਰਵਾਈ ਵਰਤਦਾ ਰਹਿੰਦਾ ਹੈ ਤੇ ਫਿਰ ਉਸਨੂੰ ਕੈਂਸਰ ਦੇ ਪ੍ਰਭਾਵ ਚੋਂ ਲੰਘਣਾ ਪੈਂਦਾ ਹੈ। ਅਣਗੋਲੀ ਦੀ ਬਜਾਏ ਸਾਵਧਾਨੀ ਹੀ ਉੱਤਮ ਇਲਾਜ ਹੈ।

* ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
9815629301

## ਸਕੂਲੀ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਐਚਪੀਵੀ ਵੈਕਸੀਨੇਸ਼ਨ ਸਬੰਧੀ ਜਾਗਰੂਕ ਕੀਤਾ ਗਿਆ

### ਸਰਕਾਰੀ ਹਾਈ ਸਕੂਲ ਜਾਮਾਰਾਏ ਅਤੇ ਭੈਲ ਢਾਏ ਵਾਲਾ ਵਿਖੇ ਐਚਪੀਵੀ ਵੈਕਸੀਨੇਸ਼ਨ ਜਾਗਰੂਕਤਾ ਕੈਂਪ ਲਗਾਏ ਗਏ



ਚੋਹਲਾ ਸਾਹਿਬ 30 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)

ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਅਤੇ ਜਿਲ੍ਹਾ ਟੀਕਾਕਰਨ ਅਫਸਰ ਡਾਕਟਰ ਵਰਿੰਦਰਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀਐਚਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਆਰਬੀਐਸਕੇ ਟੀਮ ਵੱਲੋਂ ਸਰਕਾਰੀ ਹਾਈ ਸਕੂਲ ਜਾਮਾਰਾਏ ਅਤੇ ਭੈਲ ਢਾਏ ਵਾਲਾ ਵਿਖੇ ਵਿਦਿਆਰਥੀਆਂ ਨੂੰ ਐਚਪੀਵੀ ਵੈਕਸੀਨੇਸ਼ਨ ਸਬੰਧੀ ਜਾਗਰੂਕਤਾ ਕੈਂਪ ਲਗਾਏ ਗਏ ਹਨ।ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਡਾਕਟਰ ਕਰਮਬੀਰ ਸਿੰਘ ਆਯੂਰਵੈਦਿਕ ਮੈਡੀਕਲ ਅਫਸਰ ਨੇ ਦੱਸਿਆ ਕਿ ਅੱਜ ਉਹਨਾਂ ਦੀ ਟੀਮ ਕਵਲਜੀਤ ਕੌਰ ਸਟਾਫ ਨਰਸ ਅਤੇ ਅਮਨਦੀਪ ਕੌਰ ਸਟਾਫ ਨਰਸ ਵੱਲੋਂ ਸੀਐਚਸੀ ਸਰਹਾਲੀ ਅਧੀਨ ਆਉਂਦੇ ਸਰਕਾਰੀ ਹਾਈ ਸਕੂਲ ਜਾਮਾਰਾਏ ਅਤੇ ਭੈਲ ਢਾਏ ਵਾਲਾ ਵਿਖੇ ਸਕੂਲੀ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਐਚਪੀਵੀ ਵੈਕਸੀਨੇਸ਼ਨ ਸਬੰਧੀ ਜਾਗਰੂਕ ਕੀਤਾ ਗਿਆ ਹੈ।ਉਹਨਾਂ ਦੱਸਿਆ ਕਿ ਇਹ ਟੀਕਾ ਜਿੰਨਾਂ ਕੁੜੀਆਂ ਦਾ 14 ਸਾਲ ਦਾ ਜਨਮ ਦਿਨ ਮਨਾਇਆ ਜਾ ਚੁੱਕਾ ਹੈ ਅਤੇ 15 ਸਾਲ ਦਾ ਜਨਮ ਦਿਨ ਮਨਾਉਣ ਵਾਲਾ ਰਹਿੰਦਾ ਹੈ ਉਸਨੂੰ ਲਗਵਾਉਣਾ ਬਹੁਤ ਜਰੂਰੀ ਹੈ ਕਿਉਂਕਿ ਇਹ ਟੀਕਾ ਕੁੜੀਆਂ ਨੂੰ ਵੱਖ ਵੱਖ ਕੈਂਸਰ ਦੀਆਂ ਬਿਮਾਰੀਆਂ ਖਾਸ ਕਰਕੇ ਬੱਚੇਦਾਨੀ ਦੇ ਮੂੰਹ ਦਾ ਕੈਂਸਰ ਤੋਂ ਬਚਾਉਂਦਾ ਹੈ।ਇਸ ਲਈ ਇਹ ਟੀਕਾ ਲਗਵਾਉਣਾ ਬਹੁਤ ਜਰੂਰੀ ਹੈ ਜ਼ੋ ਕੰਮਿਉਨਿਟੀ ਹੈਲਥ ਸੈਂਟਰ ਸਰਹਾਲੀ ਕਲਾਂ ਵਿਖੇ ਲਗਾਇਆ ਜਾ ਰਿਹਾ ਹੈ।

## ਸਾਬਕਾ ਕਾਂਗਰਸੀ ਆਗੂ ਸੁਖਰਾਜ ਨੱਟ ਨੂੰ ਸਦਮਾ ਨੌਜਵਾਨ ਪੁੱਤਰ ਨੇ ਕੀਤੀ ਖੁਦਕੁਸ਼ੀ



ਪੰਜਾਬ ਦੇ ਸਾਬਕਾ ਕਾਂਗਰਸੀ ਆਗੂ ਸੁਖਰਾਜ ਸਿੰਘ ਨੱਟ ਦੇ ਪਰਿਵਾਰ ਤੋਂ ਇੱਕ ਬੇਹੱਦ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਰਿਪੋਰਟਾਂ ਅਨੁਸਾਰ, ਸੁਖਰਾਜ ਨੱਟ ਦੇ ਨੌਜਵਾਨ ਪੁੱਤਰ ਨੇ ਕਥਿਤ ਤੌਰ 'ਤੇ ਖੁਦਕੁਸ਼ੀ ਕਰਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ। ਇਸ ਘਟਨਾ ਨੇ ਜਿੱਥੇ ਪਰਿਵਾਰ ਨੂੰ ਗਹਿਰਾ ਸਦਮਾ ਦਿੱਤਾ ਹੈ, ਉੱਥੇ ਹੀ ਪੂਰੇ ਇਲਾਕੇ ਅਤੇ ਸਿਆਸੀ ਭਾਈਚਾਰੇ ਵਿੱਚ ਸੋਗ ਪਸਰ ਗਿਆ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਤਾਂ ਜੋ ਇਸ ਖ਼ੌਫ਼ਨਾਕ ਕਦਮ ਪਿੱਛੇ ਮੌਜੂਦ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ

ਪੰਜਾਬ ਦੀ ਸਿਆਸਤ ਨਾਲ ਜੁੜੇ ਇਕ ਉੱਘੇ ਪਰਿਵਾਰ ਵਿੱਚੋਂ ਅੱਜ ਇਕ ਬੇਹੱਦ ਦੁਖਦਾਈ ਅਤੇ ਹਿਰਦੇਵੇਦਕ ਖ਼ਬਰ ਨਿਕਲ ਕੇ ਸਾਹਮਣੇ ਆਈ ਹੈ। ਕਾਂਗਰਸ ਪਾਰਟੀ ਦੇ ਸਾਬਕਾ ਸੀਨੀਅਰ ਆਗੂ ਸੁਖਰਾਜ ਸਿੰਘ ਨੱਟ ਦੇ ਨੌਜਵਾਨ ਪੁੱਤਰ ਵੱਲੋਂ ਕਥਿਤ ਤੌਰ 'ਤੇ ਖੁਦਕੁਸ਼ੀ ਕੀਤੇ ਜਾਣ ਦੀ ਸੂਚਨਾ ਮਿਲੀ ਹੈ। ਇਸ ਮੰਦਭਾਗੀ ਘਟਨਾ ਨੇ ਨਾ ਸਿਰਫ਼ ਨੱਟ ਪਰਿਵਾਰ ਨੂੰ ਅਸਹਿ ਦੁੱਖ ਦਿੱਤਾ ਹੈ, ਸਗੋਂ ਸੂਬੇ ਦੇ ਸਿਆਸੀ ਗਲਿਆਰਿਆਂ ਵਿੱਚ ਵੀ ਚਿੰਤਾ ਅਤੇ ਸੋਗ ਦੀ ਲਹਿਰ ਪੈਦਾ ਕਰ ਦਿੱਤੀ ਹੈ। ਮੁੱਢਲੀ ਜਾਣਕਾਰੀ ਅਤੇ ਸੂਤਰਾਂ ਅਨੁਸਾਰ, ਸੁਖਰਾਜ ਸਿੰਘ ਨੱਟ ਦੇ ਪੁੱਤਰ ਨੇ ਕਿਸੇ ਮਾਨਸਿਕ ਪ੍ਰੇਸ਼ਾਨੀ ਜਾਂ ਅਣਪਛਾਤੇ ਕਾਰਨਾਂ ਕਰਕੇ ਇਹ ਖ਼ੌਫ਼ਨਾਕ ਕਦਮ ਚੁੱਕਿਆ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਸਥਾਨਕ ਪੁਲਿਸ ਪ੍ਰਸ਼ਾਸਨ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਪੁਲਿਸ ਨੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਮ੍ਰਿਤਕ ਦੇ ਕਮਰੇ ਅਤੇ ਮੋਬਾਈਲ ਫ਼ੋਨ ਦੀ ਪੜਤਾਲ ਕੀਤੀ ਜਾ ਰਹੀ ਹੈ ਤਾਂ ਜੋ ਕੋਈ ਖੁਦਕੁਸ਼ੀ ਨੋਟ ਜਾਂ ਇਸ ਕਦਮ ਪਿੱਛੇ ਕੋਈ ਠੋਸ ਵਜ੍ਹਾ ਸਾਹਮਣੇ ਆ ਸਕੇ।

ਸੁਖਰਾਜ ਸਿੰਘ ਨੱਟ ਪੰਜਾਬ ਕਾਂਗਰਸ ਦੇ ਇੱਕ ਜਾਣੇ-ਪਛਾਣੇ ਚਿਹਰੇ ਹਨ ਅਤੇ ਉਨ੍ਹਾਂ ਦਾ ਇਲਾਕੇ ਵਿੱਚ ਕਾਫ਼ੀ ਸਿਆਸੀ ਰਸੂਖ ਹੈ। ਜਿਵੇਂ ਹੀ ਇਹ ਖ਼ਬਰ ਇਲਾਕੇ ਵਿੱਚ ਫੈਲੀ, ਉਨ੍ਹਾਂ ਦੇ ਨਿਵਾਸ ਅਸਥਾਨ 'ਤੇ ਅਫ਼ਸੋਸ ਪ੍ਰਗਟ ਕਰਨ ਵਾਲੇ ਸਿਆਸੀ ਆਗੂਆਂ ਅਤੇ ਵਰਕਰਾਂ ਦਾ ਤਾਂਤਾ ਲੱਗ ਗਿਆ। ਵੱਖ-ਵੱਖ ਪਾਰਟੀਆਂ ਦੇ ਸਿਆਸੀ ਆਗੂਆਂ ਨੇ ਇਸ ਦੁੱਖ ਦੀ ਘੜੀ ਵਿੱਚ ਸੁਖਰਾਜ ਨੱਟ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਸਿਆਸੀ ਮਾਹਿਰਾਂ ਅਤੇ ਆਮ ਲੋਕਾਂ ਦਾ ਕਹਿਣਾ ਹੈ ਕਿ ਇਕ ਨੌਜਵਾਨ ਦਾ ਇਸ ਤਰ੍ਹਾਂ ਸੰਸਾਰ ਤੋਂ ਚਲੇ ਜਾਣਾ ਪਰਿਵਾਰ ਲਈ ਅਜਿਹਾ ਘਾਟਾ ਹੈ ਜਿਸ ਦੀ ਭਰਪਾਈ ਕਦੇ ਨਹੀਂ ਕੀਤੀ ਜਾ ਸਕਦੀ।

ਇਹ ਘਟਨਾ ਸਮਾਜਿਕ ਤੌਰ 'ਤੇ ਵੀ ਕਈ ਸਵਾਲ ਖੜ੍ਹੇ ਕਰਦੀ ਹੈ। ਅੱਜ-ਕੱਲ੍ਹ ਨੌਜਵਾਨ ਪੀੜ੍ਹੀ ਵਿੱਚ ਵੱਧ ਰਿਹਾ ਮਾਨਸਿਕ ਤਣਾਅ ਅਤੇ ਸੋਸ਼ਲ ਮੀਡੀਆ ਜਾਂ ਨਿੱਜੀ ਜ਼ਿੰਦਗੀ ਦੀਆਂ ਚੁਣੌਤੀਆਂ ਅਕਸਰ ਅਜਿਹੇ ਮਾੜੇ ਨਤੀਜਿਆਂ ਦਾ ਕਾਰਨ ਬਣਦੀਆਂ ਹਨ। ਨੱਟ ਪਰਿਵਾਰ ਦੇ ਨਜ਼ਦੀਕੀਆਂ ਦਾ ਕਹਿਣਾ ਹੈ ਕਿ ਮ੍ਰਿਤਕ ਨੌਜਵਾਨ ਕਾਫ਼ੀ ਮਿਲਣਸਾਰ ਸੀ, ਅਤੇ ਉਸ ਵੱਲੋਂ ਅਜਿਹਾ ਕਦਮ ਚੁੱਕੇ ਜਾਣ ਦੀ ਕਿਸੇ ਨੂੰ ਉਮੀਦ ਨਹੀਂ ਸੀ।

## ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਵਿੱਚ ਇੰਟੈਲੈਕਚੁਅਲ ਪ੍ਰਾਪਰਟੀ ਰਾਈਟਸ ਵਿਸ਼ੇ 'ਤੇ ਇੱਕ ਦਿਵਸੀ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ




**ਚੋਹਲਾ ਸਾਹਿਬ 30 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦੀ ਸਥਾਪਨਾ ਸੰਨ 1970 ਵਿੱਚ ਸੰਤ ਬਾਬਾ ਤਾਰਾ ਸਿੰਘ ਜੀ ਵੱਲੋਂ ਕੀਤੀ ਗਈ ਸੀ। ਕਾਲਜ ਦੇ ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਇਹ ਸੰਸਥਾ ਵਿਦਿਆ ਦਾ ਚਾਨਣ ਫੈਲਾਉਣ ਦੇ ਨਾਲ-ਨਾਲ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਵੀ ਬਖੂਬੀ ਨਿਭਾ ਰਹੀ ਹੈ। ਇਸ ਸਿਰਮੌਰ ਸੰਸਥਾ ਦਾ ਉਦੇਸ਼ ਨਾ ਕੇਵਲ ਉੱਚ ਪੱਧਰੀ ਸਿੱਖਿਆ ਪ੍ਰਦਾਨ ਕਰਨਾ ਹੈ, ਸਗੋਂ ਵਿਦਿਆਰਥੀਆਂ ਦੀ ਬਹੁਪੱਖੀ ਸ਼ਖਸੀਅਤ ਦੇ ਵਿਕਾਸ 'ਤੇ ਵੀ ਖਾਸ ਧਿਆਨ ਦੇਣਾ ਹੈ।ਇਸੇ ਲੜੀ ਦੇ ਤਹਿਤ ਕਾਲਜ ਦੇ ਪੀ.ਜੀ. ਡਿਪਾਰਟਮੈਂਟ ਆਫ ਕਾਮਰਸ ਵੱਲੋਂ ਪੀ.ਐਚ.ਡੀ. ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਦੇ ਸਹਿਯੋਗ ਨਾਲ "ਇੰਟੈਲੈਕਚੁਅਲ ਪ੍ਰਾਪਰਟੀ ਰਾਈਟਸ" ਵਿਸ਼ੇ 'ਤੇ ਇੱਕ ਦਿਵਸੀ ਜਾਗਰੂਕਤਾ ਪ੍ਰੋਗਰਾਮ ਦਾ ਸਫਲ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਬੌਧਿਕ ਸੰਪਤੀ ਦੀ ਸੁਰੱਖਿਆ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ।ਇਸ ਮੌਕੇ ਪ੍ਰਸਿੱਧ ਵਿਸ਼ੇਸ਼ਗਿਆਨ ਨੇ ਹਾਜ਼ਰੀ ਭਰੀ ਅਤੇ ਆਪਣੇ ਕੀਮਤੀ ਵਿਚਾਰ ਸਾਂਝੇ ਕੀਤੇ। ਡਾ. ਮ੍ਰਿਗੇਂਦਰ ਬੇਦੀ, ਅਸਿਸਟੈਂਟ ਡਾਇਰੈਕਟਰ (ਸੀ.ਆਰ. & ਏ), ਪੰਜਾਬ ਟੈਕਨੀਕਲ ਯੂਨੀਵਰਸਿਟੀ ਅਤੇ ਐਡਵਾਈਜ਼ਰ ਐਸ.ਆਰ. ਓ.ਟੀ, ਨੇ ਮੁੱਖ ਭਾਸ਼ਣ ਦਿੰਦਿਆਂ ਇੰਟੈਲੈਕਚੁਅਲ ਪ੍ਰਾਪਰਟੀ ਰਾਈਟਸ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਨੇ ਪੇਟੈਂਟ, ਕਾਪੀਰਾਈਟ, ਟ੍ਰੇਡਮਾਰਕ ਅਤੇ ਇੰਡਸਟਰੀਅਲ ਡਿਜ਼ਾਈਨ ਵਰਗੀਆਂ ਵੱਖ-ਵੱਖ ਸ਼੍ਰੇਣੀਆਂ ਅਤੇ ਉਨ੍ਹਾਂ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।ਸ਼੍ਰੀ ਅਮਿਤ ਮਦਾਨ ਨੇ ਅੱਜ ਦੇ ਸਟਾਰਟਅੱਪ ਯੁੱਗ ਵਿੱਚ ਨਵੀਆਂ ਸੋਚਾਂ ਦੀ ਸੁਰੱਖਿਆ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਆਪਣੇ ਨਵੇਂ ਵਿਚਾਰਾਂ ਨੂੰ ਬੌਧਿਕ ਸੰਪਤੀ ਵਿੱਚ ਤਬਦੀਲ ਕਰਨ ਲਈ ਪ੍ਰੇਰਿਤ ਕੀਤਾ। ਸੀ.ਏ. ਜੈਦੀਪ ਸਿੰਘ, ਕਨਵੀਨਰ, ਅੰਮ੍ਰਿਤਸਰ ਜ਼ੋਨ, ਪੀ.ਐਚ.ਡੀ. ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਅਤੇ ਐਮ.ਡੀ. ਵਾਰਡਰੋਬ, ਨੇ ਵਪਾਰ ਅਤੇ ਉਦਯੋਗ ਵਿੱਚ ਬੌਧਿਕ ਸੰਪਤੀ ਦੀ ਵਪਾਰਕ ਮਹੱਤਤਾ ਬਾਰੇ ਪ੍ਰਯੋਗਿਕ ਜਾਣਕਾਰੀ ਦਿੱਤੀ।ਮਿਸ ਮੁਸਕਾਨ ਸ਼ਰਮਾ, ਇੰਟਲੈਕਚੁਅਲ ਪ੍ਰੋਪਰਟੀ ਰਾਈਟ ਐਕਸਪਰਟ, ਇੰਟੀਗ੍ਰਿਮ ਇੰਟਰੈਕਚਲ ਪ੍ਰੋਪਰਟੀ, ਮੋਹਾਲੀ, ਨੇ ਪੇਟੈਂਟ ਅਤੇ ਟ੍ਰੇਡਮਾਰਕ ਫਾਈਲਿੰਗ ਦੀ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਰਜਿਸਟ੍ਰੇਸ਼ਨ ਦੌਰਾਨ ਆਉਣ ਵਾਲੀਆਂ ਆਮ ਸਮੱਸਿਆਵਾਂ 'ਤੇ ਵੀ ਚਰਚਾ ਕੀਤੀ।ਇਸ ਪ੍ਰੋਗਰਾਮ ਦੀ ਮੰਚ ਸਚਿਵ ਵਜੋਂ ਮਿਸ ਸ੍ਰੁਤੀ ਸ਼ਰਮਾ ਨੇ ਬਹੁਤ ਸੁਚੱਜੇ ਢੰਗ ਨਾਲ ਕਾਰਵਾਈ ਚਲਾਈ। ਡਾ. ਸੁੰਮੀ ਅਰੋੜਾ, ਮੁਖੀ, ਪੀ.ਜੀ. ਡਿਪਾਰਟਮੈਂਟ ਆਫ ਕਾਮਰਸ, ਨੇ ਪ੍ਰੋਗਰਾਮ ਦੇ ਆਯੋਜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ, ਜਦਕਿ ਫੈਕਲਟੀ ਮੈਂਬਰ ਮਿਸ ਜੈਦੀਪ ਨੇ ਵੀ ਆਪਣਾ ਯੋਗਦਾਨ ਪਾਇਆ।ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਵੱਡੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੇ ਸਵਾਲਾਂ ਰਾਹੀਂ ਵਿਸ਼ੇ ਨੂੰ ਹੋਰ ਵੀ ਸਮਝਿਆ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਜਸਬੀਰ ਸਿੰਘ ਗਿੱਲ ਨੇ ਵਿਭਾਗ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਅੱਜ ਦੇ ਮੁਕਾਬਲੇ ਭਰੇ ਯੁੱਗ ਵਿੱਚ ਵਿਦਿਆਰਥੀਆਂ ਲਈ ਆਪਣੀਆਂ ਨਵੀਨਤਾਵਾਂ ਦੀ ਸੁਰੱਖਿਆ ਕਰਨਾ ਬਹੁਤ ਜ਼ਰੂਰੀ ਹੈ।ਅੰਤ ਵਿੱਚ ਧੰਨਵਾਦ ਪ੍ਰਸਤਾਵ ਨਾਲ ਪ੍ਰੋਗਰਾਮ ਦਾ ਸਮਾਪਨ ਕੀਤਾ ਗਿਆ ਅਤੇ ਸਾਰੇ ਮਹਿਮਾਨਾਂ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ ਗਿਆ।

## ਗੁਰੂ ਅਰਜਨ ਦੇਵ ਖਾਲਸਾ ਕਾਲਜ, ਚੋਹਲਾ ਸਾਹਿਬ ਵਿੱਚ "ਫਾਈਨੈਂਸ਼ਲ ਅਵੇਅਰਨੈਸ" ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਆਯੋਜਿਤ




**ਚੋਹਲਾ ਸਾਹਿਬ 30 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਅਰਜਨ ਦੇਵ ਖਾਲਸਾ ਕਾਲਜ, ਚੋਹਲਾ ਸਾਹਿਬ ਵਿੱਚ ਅੱਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਦੇ ਦਿਸ਼ਾਨਿਰਦੇਸ਼ਾ ਹੇਠ "ਫਾਈਨੈਂਸ਼ਲ ਅਵੇਅਰਨੈਸ" ਵਿਸ਼ੇ ਉੱਤੇ ਇੱਕ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ਕੰਪਿਊਟਰ ਸਾਇੰਸ, ਕਮਰਸ ਅਤੇ ਇਕਨੋਮਿਕਸ ਵਿਭਾਗ ਵੱਲੋਂ ਇੰਸਟੀਚਿਊਸ਼ਨ ਇਨੋਵੇਸ਼ਨ ਕੌਂਸਲ ਦੇ ਸਹਿਯੋਗ ਨਾਲ ਅਤੇ ਬੰਬੇ ਸਟੋਕ ਐਕਸਚੇਂਜ (ਬੀ.ਐਸ.ਈ.) ਦੀ ਸਾਂਝ ਨਾਲ ਕਰਵਾਇਆ ਗਿਆ। ਇਸ ਲੈਕਚਰ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਆਰਥਿਕ ਸਚੇਤਤਾ ਅਤੇ ਨਿਵੇਸ਼ ਸਬੰਧੀ ਜਾਣਕਾਰੀ ਦਾ ਵਾਧਾ ਕਰਨਾ ਸੀ। ਪ੍ਰੋਗਰਾਮ ਦੌਰਾਨ ਮੁੱਖ ਵਕਤਾ ਵਜੋਂ ਸ੍ਰੀ. ਪੂਨਮ ਚੰਦ (ਮੈਨੇਜਰ, ਇਨਵੈਸਟਰ ਸਰਵਿਸਿਜ਼ ਸੈਂਟਰ, ਨਵੀਂ ਦਿੱਲੀ) ਨੇ ਸ਼ਿਰਕਤ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਟਾਕ ਮਾਰਕੀਟ ਦੇ ਮੂਲ ਸਿਧਾਂਤਾਂ, ਸੁਰੱਖਿਅਤ ਨਿਵੇਸ਼ ਦੇ ਤਰੀਕਿਆਂ, ਧੋਖਾਧੜੀ ਤੋਂ ਬਚਾਅ ਅਤੇ ਪ੍ਰਭਾਵਸ਼ਾਲੀ ਵਿੱਤੀ ਯੋਜਨਾ ਬਣਾਉਣ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਆਜ ਦੇ ਸਮੇਂ ਵਿੱਚ ਹਰ ਵਿਅਕਤੀ ਲਈ ਫਾਈਨੈਂਸ਼ਲ ਲਿਟਰੇਸੀ ਬਹੁਤ ਜ਼ਰੂਰੀ ਹੈ, ਤਾਂ ਜੋ ਉਹ ਆਪਣੀ ਆਮਦਨ ਦਾ ਸਹੀ ਪ੍ਰਬੰਧ ਕਰ ਸਕੇ ਅਤੇ ਭਵਿੱਖ ਲਈ ਮਜ਼ਬੂਤ ਨਿਵੇਸ਼ ਕਰ ਸਕੇ। ਵਿਦਿਆਰਥੀਆਂ ਨੇ ਇਸ ਪ੍ਰੋਗਰਾਮ ਵਿੱਚ ਉਤਸ਼ਾਹ ਨਾਲ ਭਾਗ ਲਿਆ ਅਤੇ ਇਸਨੂੰ ਬਹੁਤ ਲਾਭਦਾਇਕ ਕਰਾਰ ਦਿੱਤਾ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਨੇ ਕਿਹਾ ਕਿ ਅੱਜ ਦੇ ਯੁੱਗ ਵਿੱਚ ਵਿੱਤੀ ਸਿੱਖਿਆ ਹਰ ਵਿਦਿਆਰਥੀ ਲਈ ਅਤਿ ਅਹਿਮ ਹੈ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਵਿਦਿਆਰਥੀਆਂ ਨੂੰ ਆਤਮਨਿਰਭਰ ਬਣਾਉਂਦੇ ਹਨ ਅਤੇ ਸਹੀ ਫੈਸਲੇ ਲੈਣ ਦੀ ਸਮਰੱਥਾ ਵਿਕਸਿਤ ਕਰਦੇ ਹਨ। ਉਨ੍ਹਾਂ ਨੇ ਮੁੱਖ ਮਹਿਮਾਨ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਅਤੇ ਵਿਦਿਆਰਥੀਆਂ ਨੂੰ ਪ੍ਰਾਪਤ ਗਿਆਨ ਨੂੰ ਅਮਲ ਵਿੱਚ ਲਿਆਉਣ ਲਈ ਪ੍ਰੇਰਿਤ ਕੀਤਾ। ਅੰਤ ਵਿੱਚ ਉਨ੍ਹਾਂ ਨੇ ਕੰਪਿਊਟਰ ਸਾਇੰਸ, ਕਮਰਸ ਅਤੇ ਇਕਨੋਮਿਕਸ ਵਿਭਾਗ ਦੇ ਮੁਖੀਆਂ ਦੇ ਯਤਨਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਪ੍ਰੋਗਰਾਮ ਆਯੋਜਿਤ ਕਰਕੇ ਵਿਦਿਆਰਥੀਆਂ ਨੂੰ ਹੋਰ ਵਿੱਤੀ ਤੌਰ 'ਤੇ ਸਚੇਤ ਅਤੇ ਜ਼ਿੰਮੇਵਾਰ ਬਣਾਇਆ ਜਾਵੇਗਾ।

## ਸਾਹਿਤ ਸਭਾ ਬਾਘਾਪੁਰਾਣਾ ਵੱਲੋਂ ਸਵਰਗੀ ਕਾਮਰੇਡ ਜੋਗਿੰਦਰ ਸਿੰਘ ਨਾਹਰ ਨੱਥੂਵਾਲਾ ਦੇ ਪਰਿਵਾਰ ਨੂੰ 10 ਹਜ਼ਾਰ ਸਹਾਇਤਾ ਰਾਸ਼ੀ ਦਿੱਤੀ ਗਈ



**ਬਾਘਾਪੁਰਾਣਾ 30 ਮਾਰਚ (ਸਾਧੂ ਰਾਮ ਲੰਗੇਆਣਾ) |**

ਬਾਘਾਪੁਰਾਣਾ 30 ਮਾਰਚ (ਸਾਧੂ ਰਾਮ ਲੰਗੇਆਣਾ)
ਪਿੰਡ ਨੱਥੂਵਾਲਾ ਗਰਬੀ ਦੇ ਜੰਮਪਲ ਉੱਘੇ ਰੰਗਕਰਮੀ ਅਤੇ ਸਾਹਿਤ ਸਭਾ ਰਜਿ ਬਾਘਾਪੁਰਾਣਾ ਦੇ ਸਰਪ੍ਰਸਤ ਕਾਮਰੇਡ ਜੋਗਿੰਦਰ ਸਿੰਘ ਨਾਹਰ ਜੋ ਕੁਝ ਦਿਨ ਪਹਿਲਾਂ ਸਦੀਵੀ ਵਿਛੋੜਾ ਦੇ ਗਏ ਸਨ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਸਾਹਿਤ ਸਭਾ ਬਾਘਾਪੁਰਾਣਾ ਵੱਲੋਂ ਉਨ੍ਹਾਂ ਦੇ ਸਪੁੱਤਰ ਗੁਰਮੀਤ ਸਿੰਘ, ਮਨਪ੍ਰੀਤ ਸਿੰਘ ਨੂੰ 10 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਭੇਟ ਕੀਤੀ ਗਈ ਹੈ। ਇਸ ਮੌਕੇ ਸਭਾ ਦੇ ਪ੍ਰਧਾਨ ਡਾ ਸਾਧੂ ਰਾਮ ਲੰਗੇਆਣਾ, ਕੈਸ਼ੀਅਰ ਜਸਵੰਤ ਜੱਸੀ, ਸਾਬਕਾ ਪ੍ਰਧਾਨ ਲਖਵੀਰ ਸਿੰਘ ਕੋਮਲ, ਹਰਵਿੰਦਰ ਸਿੰਘ ਰੋਡੇ,ਕਰਮ ਸਿੰਘ ਕਰਮ, ਹਰਚਰਨ ਸਿੰਘ ਰਾਜੇਆਣਾ, ਕੰਵਲਜੀਤ ਭੋਲਾ ਲੰਡੇ,ਦਾ ਔਕਟੋ ਆਊਲ, ਸੁਖਵੀਰ ਸਿੰਘ ਮੋਹਾਲੀ, ਤੇਜਾ ਸਿੰਘ ਸ਼ੌਂਕੀ,ਛਿੰਦਾ ਸਿੰਘ ਛਿੰਦਾ , ਬਸੰਤ ਸਿੰਘ ਵੱਲੋਂ ਕਾਮਰੇਡ ਜੋਗਿੰਦਰ ਸਿੰਘ ਨਾਹਰ ਦੇ ਪਰਿਵਾਰਕ ਮੈਂਬਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਸਭਾ ਦੇ ਕੈਸ਼ੀਅਰ ਜਸਵੰਤ ਸਿੰਘ ਜੱਸੀ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੋਗਿੰਦਰ ਸਿੰਘ ਨਾਹਰ ਜੋ ਕਿ ਆਰਥਿਕ ਕਮਜ਼ੋਰ ਸਨ ਸਮੇਂ ਸਮੇਂ ਤੇ ਉਨ੍ਹਾਂ ਦੀ ਹਰ ਪੱਖੋਂ ਮੱਦਦ ਕੀਤੀ ਜਾਂਦੀ ਰਹੀ ਸੀ ਅਤੇ ਸਭਾ ਵੱਲੋਂ ਉਨ੍ਹਾਂ ਦੇ ਗੀਤਾਂ ਦੀ ਕਿਤਾਬ ਵੀ ਛਪਵਾ ਕੇ ਦਿੱਤੀ ਗਈ ਸੀ ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸਭਾ ਵੱਲੋਂ ਪਹਿਲਾਂ ਵੀ ਆਰਥਿਕ ਪੱਖੋਂ ਕਮਜ਼ੋਰ ਹੋਰਨਾਂ ਸਾਥੀਆਂ ਦੀ ਵੀ ਮਦਦ ਕੀਤੀ ਗਈ ਹੈ ਅਤੇ ਅਗਲੇਰੇ ਭਵਿੱਖ ਵਿੱਚ ਵੀ ਜਾਰੀ ਰਹੇਗੀ।

ਤਸਵੀਰ,,,, ਸਾਹਿਤ ਸਭਾ ਰਜਿ ਬਾਘਾਪੁਰਾਣਾ ਦੇ ਪ੍ਰਧਾਨ ਡਾ ਸਾਧੂ ਰਾਮ ਲੰਗੇਆਣਾ ਅਤੇ ਬਾਕੀ ਮੈਂਬਰ ਸਵਰਗੀ ਕਾਮਰੇਡ ਜੋਗਿੰਦਰ ਸਿੰਘ ਨਾਹਰ ਦੇ ਪਰਿਵਾਰਕ ਮੈਂਬਰਾਂ ਨੂੰ ਸਹਾਇਤਾ ਰਾਸ਼ੀ ਭੇਟ ਕਰਦੇ ਹੋਏ।

## ਵਿਆਹ ਦੀ ਵਰ੍ਹੇਗੰਢ ਦੀਆਂ ਬਹੁਤ ਬਹੁਤ ਮੁਬਾਰਕਾਂ



ਪੱਤਰਕਾਰ ਭਗਤ ਸਿੰਘ ਸੰਧੂ ਤੇ ਪਵਨਪ੍ਰੀਤ ਕੌਰ ਸੰਧੂ ਵਾਸੀ ਪਿੰਡ ਰੂੜੀਵਾਲਾ ਤਹਿਸੀਲ ਅਤੇ ਜਿਲ੍ਹਾ ਤਰਨ ਤਾਰਨ ਨੂੰ ਵਿਆਹ ਦੀ ਵਰ੍ਹੇਗੰਢ ਦੀਆਂ ਬਹੁਤ ਬਹੁਤ ਮੁਬਾਰਕਾਂ



